# ਲੋਕਤਾ

ਮਈ - 1989

**May - 1989**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਮਾਸਿਕ

# ਲੋਕਤਾ

MAY / ਮਈ 1989

2nd class Mail Reg. No. 6794

Vol. 13 No. 6

# The Lokta

**Monthly Magazine**

## ਕਾਮਾਗਾਟਾ ਮਾਰੂ ਅੰਕ



The passengers dressed to go ashore, 23 May 1914—Gurdit Singh, foreground left, with his son, Balwant, and, to his left, Daljit Singh.

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

PUBLISHER
SURINDER SINGH SANGHA

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

MAY /ਮਈ 1989

VOL. 13 No 6

# The Lokta

P.O.BOX 67534 STN. '0'
VANCOUVER, B.C. V5W 3T9
Monthly Magazine — 2nd Class Mail
Reg. No. 6794

**LOKTA BOARD**

MANAGER
Harkewal S. Dhaliwal 588-4279

**EDITORIAL BOARD**

| | |
|---|---|
| Jit S. Ankhi | 596-6984 |
| Soofi Amarjit | 581-7811 |
| Surinder S. Sangha | 588-5217 |
| Mohinder S. Soomel | 327-6461 |
| Gurnam S. Sanghera | 325-1662 |

**ADVERTISEMENT**
Amarjit Chatha

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ — 25 ਸੈਂਟ

**LOKTA Representative**

Ranjit S. Sandhu - Williams Lake (398-6111)
Surinder S. Johal - Edmonton (461-6073)
Nirmal S. Dhindsa - Brampton (453-8149)
Rajinder S. Dhaliwal - Winnipeg (633-5229)
Surjit S. Bopanrai - Quesnel (992-3849)
Hakam S. Hans - Prince Rupert (624-3284)
Shavinder S. Basi - Toronto (740-1235)

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ

ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ ਇਨਸ਼ੋਰੈਂਸ • ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



NORTH AMERICAN LIFE
RRSP

Ph. 943-1526

1507 - 330 Portage Ave. WINNIPEG, MAN. R3C 0C4

■ Personal ■ Children's ■ Group ■ Annuities

Raj Singh Maan Sales Manager
Res. 694-0731
Commissioner for oaths

RAJA CATERING SERVICES SINCE 1975

Rajas

• BEST FOOD
• BEST SERVICE • BEST PRICE

CALL BALWANT RAJA AT
325-5014

6450 MAIN STREET (at 49th., AVE)
VANCOUVER, B.C. CANADA V5W 2V4

325-5014

SPECIAL OFFER:

moti-mahal

PH. 321-3223

FOR WEDDING SWEETS AND YOUR CATERING NEEDS

# ਸੰਪਾਦਕੀ

## ਕਾਮਾ ਗਾਟਾ ਮਾਰੂ ਦੀ 75ਵੀਂ ਬਰਸੀ

ਇਸ ਸਾਲ ਕਾਮਾ ਗਾਟਾ ਮਾਰੂ ਦੀ 75ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਕਾਮਾ ਗਾਟਾ ਮਾਰੂ 23 ਮਈ ਨੂੰ ਵੈਨਕੂਵਰ ਪਹੁੰਚਾ ਅਤੇ 23 ਜੁਲਾਈ 1914 ਨੂੰ ਫੌਜੀ ਮਦਦ ਲਾਲ ਵਾਪਸ ਭੇਜਿਆ ਗਿਆ। ਜਦੋਂ ਸਤੰਬਰ 1914 ਵਿਚ ਵਾਪਸ ਜਾ ਕੇ ਬੱਜ ਬੱਜ ਘਾਟ ਤੇ ਲੱਗਾ ਤਾਂ ਅੰਗਰੇਜ਼ ਸਾਮਰਾਜੀ ਪੁਲਸ ਨੇ ਪਹਿਲਾਂ ਹੀ ਗਰਿਫਤਾਰ ਕਰਨ ਅਤੇ ਗੋਲੀ ਦਾ ਪ੍ਰਬੰਧ ਕੀਤਾ ਹੋਇਆ ਸੀ। ਕਈ ਲੋਕ ਮਾਰੇ ਗਏ, ਕਾਫੀਆਂ ਨੂੰ ਲੰਮੀਆਂ ਕੈਦਾ ਅਤੇ ਪਿੰਡ ਜੂਹ ਬੰਦੀਆਂ ਕੀਤੀਆਂ ਗਈਆਂ। ਭਾਰਤ ਲਈ ਕਾਮਾ ਗਾਟਾ ਮਾਰੂ ਭਾਰਤੀ ਆਜ਼ਾਦੀ ਦੇ ਸੰਗਰਾਮ ਦਾ ਅਹਿਮ ਅੰਗ ਹੋ ਨਿਬੜਿਆ।

ਇਧਰ ਕਨੇਡਾ ਲਈ, ਕਾਮਾ ਗਾਟਾ ਮਾਰੂ, ਨਸਲਵਾਦ ਨੀਤੀਆਂ ਅਤੇ ਸਾਮਰਾਜੀ ਅਜੰਟਾਂ (ਹੌਪਕਿਨਸਨ, ਰੀਡ ਆਦਿ) ਦੀਆਂ ਚਾਲਾਂ ਨੂੰ ਨੰਗਿਆਂ ਕਰਨ ਅਤੇ ਵਿਰੁੱਧ ਸੰਘਰਸ਼ ਕਰਨ ਦਾ ਚਿੰਨ੍ਹ ਹੋ ਨਿਬੜਿਆ ਹੈ। ਭਾਰਤੀਆਂ ਦੀ ਇਮੀਗਰੇਸ਼ਨ ਨੂੰ ਰੋਕਣ ਲਈ ਕਨੇਡੀਅਨ ਨਸਲਵਾਦੀ ਸਰਕਾਰ ਨੇ 1908 ਵਿਚ ਸਿੱਧੇ ਸਫਰ ਦਾ ਕਾਨੂੰਨ ਪਾਸ ਕੀਤਾ। ਕਾਮਾ ਗਾਟਾ ਮਾਰੂ ਨੇ ਇਸ ਨੂੰ ਵੰਗਾਰਿਆ ਅਤੇ ਬਰਤਾਨਵੀ ਸਾਮਰਾਜ ਦੀ ਅਖੌਤੀ ਬ੍ਰਿਟਿਸ਼ ਪਰਜਾ' ਦੀ ਵਿਆਖਿਆ ਦੇ ਬਖੀਏ ਉਧੇੜ ਦਿੱਤੇ।

ਜਹਾਜ਼ ਦੇ ਮਸਾਫਰ ਹਰ ਧਰਮ ਦੇ ਸਨ ਅਤੇ ਕਨੇਡਾ ਵਿਚੋਂ ਕਾਮਾ ਗਾਟਾ ਮਾਰੂ ਦੇ ਮਸਾਫਰਾਂ ਨੂੰ ਇਥੇ ਰੱਖਣ ਲਈ ਜੱਦੋ ਜਹਿਦ ਕਰਨ ਵਾਲੇ ਵੀ ਹਰ ਧਰਮ ਦੇ ਸਨ। ਇਸ ਸਮੇਂ ਭਾਰਤੀਆਂ ਵਿਚ ਆਜ਼ਾਦੀ ਦੀ ਤੜਪ, ਭਰਾਤਰੀ ਭਾਵ ਦੀ ਸਾਂਝ ਅਤੇ ਇੱਕ ਦੂਜੇ ਲਈ ਇਨਸਾਨੀਅਤ ਦੇ ਨਾਤ ਮਰ ਮਾਰਨ ਦੀ ਸਪਿਰਟ ਸੀ। ਗਦਰੀ ਬਾਬਿਆਂ ਦੀ ਸਪਿਰਟ ਕੰਮ ਕਰ ਰਹੀ ਸੀ। ਧਰਮ ਨੂੰ ਸਿਆਸਤ ਨਾਲੋਂ ਜੁਦੇ ਰੱਖਣ ਦਾ ਪ੍ਰਣ ਸੀ ਕਿਉਂਕਿ ਧਰਮ, ਜਾਤ ਅਤੇ ਇਲਾਕਾ ਬਾਜ਼ੀ ਦੀ ਭਾਵਨਾ ਦੇ ਭਾਰੂ ਹੋਣ ਨਾਲ ਏਕਤਾ ਕਮਜ਼ੋਰ ਪੈਂਦੀ ਅਤੇ ਭਾਰਤੀ ਅਖੰਡਤਾ ਤੇ ਆਜ਼ਾਦੀ ਸੰਘਰਸ਼ ਨੂੰ ਸੱਟ ਵੱਜਦੀ ਸੀ ਤੇ ਹੈ। ਕਾਮਾ ਗਾਟਾ ਮਾਰੂ ਦਾ ਤੱਤ ਸਪਿਰਟ ਅਤੇ ਸੰਕਲਪ ਤਾਂ ਹਰ ਕਿਸਮ ਦੀ ਵੰਡ ਪਾਉਣ ਵਾਲੀ ਚਾਲ ਨੂੰ ਹਰਾਉਣ ਅਤੇ ਭਾਰਤੀ ਆਜ਼ਾਦੀ, ਅਖੰਡਤਾ ਤੇ ਭਰਾਤਰੀ ਭਾਵ ਲਈ ਡੱਟ ਕੇ ਖੜਣ ਦਾ ਸੱਦਾ ਦਿੰਦਾ ਹੈ।

ਅੱਜ ਜਦੋਂ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਕਾਮਾ ਗਾਟਾ ਮਾਰੂ ਫਾਊਂਡੇਸ਼ਨ 75ਵੀਂ ਵਰ੍ਹੇਗੰਢ ਮਨ੍ਹਾ ਰਹੀਆਂ ਹਨ ਤੇ ਨਾਲ ਹੀ ਭਾਰਤੀ ਲੋਕਾਂ ਵਿਚ ਬੜਾ ਉਤਸ਼ਾਹ ਹੈ। ਇਸ ਸਮੇਂ ਨਸਲਵਾਦ ਨੂੰ ਭਾਂਜ ਦੇਣ ਲਈ ਤਤਪਰ ਹੋਣਾ ਚਾਹੀਦਾ ਹੈ। ਅਤੇ ਨਾਲ ਹੀ ਅਜੋਕਾ ਮੁੱਖ ਕੰਮ ਇਹ ਭੀ ਹੈ ਕਿ ਕਾਮਾ ਗਾਟਾ ਮਾਰੂ ਦੀ ਯਾਦ ਨੂੰ ਸਾਹਮਣੇ ਰੱਖਦੇ ਹੋਏ, ਭਾਰਤੀ ਅਖੰਡਤਾ ਤੇ ਭਾਰਤੀ ਆਜ਼ਾਦੀ ਨੂੰ ਖਤਰਾ ਪਾਉਣ ਵਾਲੇ ਤੇ ਭਰਾਤਰੀ ਭਾਵ ਵਿਚ ਫਿਰਕੂ, ਮੂਲਵਾਦੀ, ਵੱਖਵਾਦੀ ਤੇ ਅਮਰੀਕੀ ਸਾਮਰਾਜ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਖਾਲਸਤਾਨੀ ਗੱਦਾਰਾਂ ਨੂੰ ਨਿਖੇੜਨਾ ਬਹੁਤ ਜ਼ਰੂਰੀ ਹੈ। ਜੇ ਅਸੀਂ ਇਸ ਮਸਲੇ ਤੇ ਅਸੀਂ ਸਾਮਰਾਜ ਦੀਆਂ ਚਾਲਾਂ ਨੂੰ ਫੇਲ੍ਹ ਨਹੀਂ ਕਰਦੇ ਤੇ ਵੱਖਵਾਦੀਆਂ ਨੂੰ ਭਾਂਜ ਨਹੀਂ ਦਿੰਦੇ ਤਾਂ ਅਸੀਂ ਕਾਮਾ ਗਾਟਾ ਮਾਰੂ ਦੀ ਸਪਿਰਟ ਅਤੇ ਘਟਨਾ ਨਾਲ ਬਹੁਤ ਭਾਰੀ ਬੇ-ਇਨਸਾਫੀ ਅਤੇ ਗੱਦਾਰੀ ਹੋਵੇਗੀ। ਆਉ ਭਾਰਤੀ ਅਖੰਡਤਾ ਅਤੇ ਭਰਾਤਰੀ ਏਕਤਾ ਲਈ ਡਟੀਏ ਤੇ ਨਾਲ ਹੀ ਨਸਲਵਾਦ ਨੂੰ ਭਾਂਜ ਦੇਣ ਲਈ ਪੂਰੇ ਯਤਨਸ਼ੀਲ ਹੋਈਏ।

## ਹੋਅ ਚੀ ਮਿੰਨ ਜਨਮ ਸ਼ਤਾਬਦੀ

ਇਸ ਸਦੀ ਦੇ ਮਹਾਨ ਮਨੁੱਖਾਂ ਵਿਚੋਂ ਵੀਅਤਨਾਮ ਦੇ ਮੁਕਤੀ ਸੰਗਰਾਮ ਦੇ ਆਗੂ ਅਤੇ ਸੰਸਾਰ ਕੌਮੀ-ਮੁਕਤੀ ਲਹਿਰ ਦੇ ਇੱਕ ਉੱਘੇ ਨੇਤਾ ਪ੍ਰਧਾਨ ਹੋਅ ਦੀ ਚੀ ਮਿੰਨ ਸਨ। ਉਨ੍ਹਾਂ ਦੀ ਜਨਮ ਸ਼ਤਾਬਦੀ 19 ਮਈ 1989 ਨੂੰ ਹੈ। ਪ੍ਰਧਾਨ ਹੋਅ ਚੀ ਮਿੰਨ ਦੀ ਅਗਵਾਈ ਵਿਚ ਨਿੱਕੀ ਜਿਹੀ ਵੀਅਤਨਾਮੀ ਕੌਮ ਫਰਾਂਸ ਅਤੇ ਅਮਰੀਕਾ ਵਰਗੀਆਂ ਵੱਡੀਆਂ ਸਾਮਰਾਜੀ ਸ਼ਕਤੀਆਂ ਨੂੰ ਹਾਰ ਦੇਣ ਦੇ ਸਮਰੱਥ ਹੋ ਸਕੀ ਹੈ।

ਪ੍ਰਧਾਨਰ ਹੋਅ ਚੀ ਮਿੰਨਰ ਕੇਵਲ ਸੰਸਾਰ ਇੰਨਕਲਾਬੀ ਲਹਿਰ ਅਤੇ ਕਮਿਊਨਿਸਟ ਲਹਿਰ ਦੇ ਹੀ ਆਗੂ ਨਹੀਂ ਸਨ ਉਹ ਵੀਅਤਨਾਮੀ ਲੋਕਾਂ ਦੇ ਅਤੀ ਹਰਮਨਪਿਆਰੇ ਵੀ ਸਨ। ਵੀਅਤਨਾਮੀ ਲੋਕ ਉਨ੍ਹਾਂ ਨੂੰ 'ਅੰਕਲ' ਦੇ ਨਾਂ ਨਾਲ ਬੁਲਾਉਂਦੇ ਸਨ।

ਉਨ੍ਹਾਂ ਦੀਆਂ ਮਨੁੱਖਵਾਦੀ ਸਿੱਖਿਆਵਾਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਹ ਕਿਵੇਂ ਨਿੱਕੀ ਤੋਂ ਨਿੱਕੀ ਗੱਲ ਦੀ ਤਹਿ ਤੱਕ ਜਾਂਦੇ ਸਨ। ਉਹ ਵਿਦਿਆ, ਕਿਰਤ. ਪਰਸਪਰ ਪਿਆਰ, ਮਨੁੱਖੀ ਕਦਰਾਂ ਕੀਮਤਾਂ ਦੇ ਅਲੰਬਰਦਾਰ ਸਨ। ਉਹ ਬੱਚਿਆਂ, ਬੁੱਢਿਆਂ ਅਤੇ ਇਸਤਰੀਆਂ ਦੇ ਹਿੱਤਾਂ ਵੱਲ ਸਦਾ ਹੀ ਧਿਆਨ ਦੇਣ ਲਈ ਪਰੇਰਦੇ ਸਨ।

ਉਹ ਕਮਿਊਨਿਸਟਾਂ ਨੂੰ ਸਦਾ ਇਹੋ ਸੁਝਾਓ ਦਿੰਦੇ ਸਨ ਕਿ ਸਦਾ ਹੀ ਸਿਖੋ। ਹਰ ਰੋਜ਼ ਸਿਧਾਂਤ ਦਾ ਅਧਿਐਨ ਕਰੋ। ਇਸਤਰੀਆਂ ਦੀ ਬਰਾਬਰਤਾ ਤਦ ਹੀ ਸੰਭਵ ਬਣ ਸਕਦੀ ਹੈ ਜੇਕਰ ਉਹ ਆਰਥਕ ਤੌਰ ਉਤੇ ਆਤਮਨਿਰਭਰ ਹੋਣਗੀਆਂ। ਇਸ ਲਈ ਉਨ੍ਹਾਂ ਨੂੰ ਖੁਦ ਆਪ ਯਤਨ ਕਰਨੇ ਪੈਣਗੇ।

ਕਮਿਊਨਿਸਟਾਂ ਲਈ ਹੀ ਨਹੀਂ ਹਰ ਵਿਅਕਤੀ ਲਈ ਪ੍ਰਧਾਨ ਹੋਅ ਚੀ ਮਿੰਨ ਦਾ ਜੀਵਨ ਸਿਖਦਾਈ ਸਿੱਧ ਹੋ ਸਕਦਾ ਹੈ। ਇਸ ਲਈ ਉਨ੍ਹਾਂ ਦੀਆਂ ਲਿਖਤਾ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ।

ਅਸੀਂ ਮਹਾਨ ਹੋਅ ਚੀ ਮਿੰਨ ਦੀ ਜਨਮ ਸ਼ਤਾਬਦੀ ਉਤੇ ਉਨਾਂ ਦੀ ਯਾਦ ਨੂੰ ਇਸ ਢੰਗ ਨਾਲ ਹੀ ਚੰਗੀ ਤਰ੍ਹਾਂ ਮਨਾ ਸਕਦੇ ਹਾਂ ਕਿ ਅਸੀਂ ਚੰਗੇ ਮਨੁੱਖ ਬਣਨ ਦੇ ਯਤਨ ਕਰੀਏ। ਮਜ਼ਦੂਰ ਜਮਾਤ ਅਤੇ ਹੋਰਨਾਂ ਮਿਹਨਤੀ ਲੋਕਾਂ ਦੇ ਹਿੱਤਾਂ ਦੇ ਲਈ ਕੀਤੇ ਜਾਣ ਵਾਲੇ ਸੰਗਰਾਮ ਦਾ ਸਾਥ ਦੇਈਏ।


ASHOKA TRADING CO. LTD.

6621 MAIN STREET, VANCOUVER B.C.

324-7521

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ।

ਕੇਵਲ ਹੋਲ ਸੇਲ ਤੇ ਪ੍ਰੀਵਟ ਲਈ ਫੂਨ ਕਰੋ

INDIAN SILK SAREES & SUITS
JAPANEEESE SUITS & SAREES
COSTUME JEWELLERY

WAREHOUSE ADDRESS:
# 102 - 8185 MAIN ST., VANCOUVER B.C.
TEL: (604) 321 - 4506

WORLD WIDE IMPORTS IN FABRICS, SAREES & JEWELLERY WHOLESALE & RETAIL

WELL DISPLAYED & MOST DECORATED STORE IN TOWN



# ਵੈਨਕੂਵਰ ਵਿਚ ਅੱਠਵਾਂ ਅਮਨ ਮਾਰਚ

ਹਰ ਸਾਲ ਵਾਂਗ ਇਸ ਵਾਰ ਵੀ 22 ਅਪ੍ਰੈਲ 1989 ਨੂੰ ਵੈਨਕੂਵਰ ਵਿਚ ਅੱਠਵਾਂ ਅਮਨ ਮਾਰਚ ਧੂੰਮ ਧਾਮ ਨਾਲ ਕੀਤਾ ਗਿਆ। "ਇੰਡ ਦਾ ਆਰਮਜ਼ ਰੇਸ" ਕਮੇਟੀ ਵਲੋਂ ਇਹ ਅਮਨ ਮਾਰਚ ਹਰ ਸਾਲ ਹੀ ਜੱਥੇਬੰਦ ਕੀਤਾ ਜਾਂਦਾ ਹੈ।

ਵੈਨਕੂਵਰ ਦਾ ਇਹ ਅਮਨ ਮਾਰਚ ਸੰਸਾਰ ਭਰ ਵਿਚ ਆਪਣੀ ਵਿਸ਼ੇਸ਼ ਥਾਂ ਨੂੰ ਸਥਾਪਤ ਕਰ ਗਿਆ ਹੈ। ਇਹ ਅਮਨ ਮਾਰਚ ਅਮਰੀਕੀ ਸਾਮਰਾਜ ਅਤੇ ਕੈਨੇਡੀਅਨ ਸਰਕਾਰ ਉਪਰ ਜਬਰਦਸਤ ਦਬਾਓ ਪਾਉਣ ਵਿਚ ਸਫਲ ਹੋਇਆ ਹੈ। ਇਸ ਦਾ ਐਟਮੀ ਹਥਿਆਰਾਂ ਦੀ ਕਟੌਤੀ ਵਿਚ ਚੁੱਕੇ ਗਏ ਮਹੱਤਵਪੂਰਨ ਕਦਮਾਂ ਵਿਚ ਵਿਸ਼ੇਸ਼ ਹਿਸਾ ਹੈ।

ਇਹ ਕੈਨੇਡਾ ਦੀਆਂ ਅਮਨ ਸ਼ਕਤੀਆਂ ਦੀ ਇਕ ਵੱਡੀ ਜਿੱਤ ਹੈ ਕਿ ਅਮਰੀਕਾ "ਸਟਾਰ ਵਾਰ" ਦੇ ਪ੍ਰੋਗਰਾਮ ਤੋਂ ਪਿਛੇ ਹਟਿਆ ਹੈ' ਕੈਨੇਡਾ ਨੇ ਅੱਠ ਐਟਮੀ ਡੁੱਬਕਣੀਆਂ ਕਿਸ਼ਤੀਆਂ ਖਰੀਦਣ ਦਾ ਪ੍ਰੋਗਰਾਮ ਤਿਆਗ ਦਿੱਤਾ ਹੈ।

ਇੱਕ ਹੋਰ ਮਹੱਤਵਪੂਰਨ ਜਿੱਤ ਇਹ ਹੋਈ ਕਿ ਵੈਨਕੂਵਰ ਨੂੰ 'ਨੀਊਕਲੀਅਰ ਮੁਕਤ ਜ਼ੋਨ' ਐਲਾਨੇ ਜਾਣ ਤੋਂ ਪਿੱਛੋਂ ਵੈਨਕੂਵਰ ਮਿਊਸ਼ਪਲ ਕੌਂਸਲ ਨੇ ਮਤਾ ਪਾਸ ਕਰ ਦਿਤਾ ਹੈ ਕਿ ਵੈਨਕੂਵਰ ਦੀ ਬੰਦਰਗਾਹ ਉੱਤੇ ਅਮਰੀਕਾ ਦੇ ਐਟਮੀ ਹਥਿਆਰ ਲੈ ਕੇ ਅਮਰੀਕਨ-ਬੇੜੇ ਨਾ ਆਉਣ।

ਇਹ ਪੈਰੋ ਪੈਰ ਅੱਗੇ ਵੱਧਣ ਦੇ ਸਪਸ਼ਟ ਸੰਕੇਤ ਹਨ। ਐਟਮੀ ਹਥਿਆਰ ਮਨੁੱਖ ਜਾਤੀ ਦੀ ਹੋਂਦ ਲਈ ਖਤਰਾ ਬਣ ਚੁੱਕੇ ਹਨ। ਇਨ੍ਹਾਂ ਵਿਚ ਸੋਵੀਅਤ ਦੀ ਪਹਿਲ ਕਦਮੀ ਨਾਲ ਹੋਈ ਕਟੌਤੀ ਬੜੀ ਖੁਸ਼ੀ ਵਾਲੀ ਗੱਲ ਹੈ। ਅਮਰੀਕਨ ਸਾਮਰਾਜੀ ਅਤੇ ਉਸ ਦੇ ਨਾਟੋ ਸੰਧੀ ਦੇ ਮੈਂਬਰ ਹਾਲੇ ਪੈਰ ਖਿਚਾ ਰਹੇ ਹਨ ਪਰੰਤੂ ਆਸ ਕੀਤੀ ਜਾ ਸਕਦੀ ਹੈ ਕਿ ਮਨੁਖਤਾ ਦਾ ਇਸ ਸੰਬੰਧੀ ਦਿਨੋ ਦਿਨ ਚੇਤੰਨਾ ਹੋਣਾ, ਇੱਕ ਦਿਨ ਸਾਰੇ ਐਟਮੀ ਹਥਿਆਰਾਂ ਨੂੰ ਇਸ ਧਰਤੀ ਤੋਂ ਖਤਮ ਕਰਨ ਵਿਚ ਸਫਲਤਾ ਪ੍ਰਾਪਤ ਕਰੇਗਾ।

ਸਾਡੇ ਭਾਰਤੀ ਲੋਕ ਇਸ ਮਾਰਚ ਵਿਚ ਪਹਿਲਾਂ ਵਾਂਗ ਹੀ ਬੜੀ ਘੱਟ ਗਿਣਤੀ ਵਿਚ ਸ਼ਾਮਲ ਹੋਏ ਹਨ। ਸਾਡੀ ਕਮਿਊਨਿਟੀ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਾਡਾ ਅਮਨ ਮਾਰਚ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਣਾ ਸਾਡੀ ਸਮੁੱਚੀ ਕਮਿਊਨਿਟੀ ਦੇ ਵਕਾਰ ਨੂੰ ਨਿਸਚੇ ਹੀ ਵਧਾਵੇਗਾ।

ਇਸ ਵਾਰ ਦੇ ਅਮਨ ਮਾਰਚ ਵਿਚ ਇਕ ਮਹੱਤਵ ਪੂਰਨ ਗੱਲ ਇਹ ਵੀ ਸੀ ਕਿ ਇਸ ਵਿਚ ਨੌਜਆਨਾਂ ਨੇ ਵੱਧ ਚੜ੍ਹ ਕੇ ਹਿਸਾ ਲਿਆ। ਜਿਧਰ ਦੇਖਦੇ ਸੀ ਨੌਜੁਆਨ ਟੋਲੀਆਂ ਗੀਤ ਗਾਉਂਦੀਆਂ ਦੇਖੀਆਂ ਜਾ ਸਕਦੀਆਂ ਸਨ। ਨੌਜੁਆਨ ਸੰਸਾਰ ਦਾ ਭਵਿੱਖ ਹਨ ਅਤੇ ਅਮਨਾਂ ਨੌਜੁਆਨਾਂ ਦੇ ਭਵਿੱਖ ਨੂੰ ਯਕੀਨੀ ਬਣਾਉਂਦਾ ਹੈ।

# ਬੇ-ਰੋਜਗਾਰੀ ਭੱਤਾ ਅਤੇ ਸਮਾਜਕ ਸੇਵਾਵਾਂ

ਕਨੇਡਾ ਦੀ ਫੈਡਰਲ ਸਰਕਾਰ ਦੇ ਸਮਾਜਕ ਸੇਵਾਵਾਂ ਅਤੇ ਬੇ-ਰੋਜ਼ਗਾਰੀ ਭੱਤੇ ਉਪਰ ਹਮਲਿਆਂ ਬਾਰੇ ਤਾਂ ਕਾਫੀ ਦੇਰ ਤੋਂ ਚਰਚਾ ਚੱਲ ਰਹੀ ਹੈ ਪਰ ਹੁਣ ਤਾਂ ਅਮਲ ਹੋਣ ਆਰੰਭ ਹੋ ਗਿਆ ਹੈ। ਬਹੁਤ ਸਾਰੀਆਂ ਸਮਾਜਕ ਸੇਵਾਵਾਂ ਤਾਂ ਸਰਕਾਰ ਦੇ ਰਹਿਮ ਅਤੇ ਲੋਕ ਦਬਾਅ ਤੇ ਨਿਰਭਰ ਕਰਦੀਆਂ ਹਨ। ਕਨੇਡਾ ਦਾ ਮੁੱਖ ਤੌਰ ਤੇ ਵੈਲਫੇਅਰ ਪ੍ਰਬੰਧ ਵਿਧਾਨਕ ਨਹੀਂ, ਬਲਕਿ ਇਹ ਤਾਂ ਹੌਲੀ ਹੌਲੀ ਲੋਕ ਆਵਾਜ਼ ਨੇ ਮਜ਼ਬੂਰ ਕਰਕੇ ਕਰਵਾਇਆ। ਧਨੀ ਇਸ ਦੇ ਵਿਰੋਧ ਵਿਚ ਰਹੇ। ਹੁਣ ਫਿਰ ਧੀਆਂ ਲੇ ਵੈਲਫੇਅਰ ਪ੍ਰਬੰਧ ਉਪਰ ਹਮਲਾ ਬੋਲਿਆ ਹੈ। ਅਤੇ ਉਸ ਹਮਲੇ ਦੀ ਸਫਲਤਾ ਲਈ ਸਿਰਫ ਪ੍ਰਚਾਰ ਹੀ ਨਹੀਂ ਕੀਤਾ ਬਲਕਿ ਕੁਝ ਪਿਛਲੇ ਸਮਿਆਂ ਤੋਂ ਸਰਵੇਖਣ ਕੀਤੇ, ਕਮਿਸ਼ਨ ਬਿਠਾਏ ਅਤੇ ਇਸ ਅੰਕੜਿਆਂ ਤੇ ਨਤੀਜਿਆਂ ਨੂੰ ਇਸ ਢੰਗ ਨਾਲ ਮੋੜ ਕੇ ਨਤੀਜੇ ਕੱਢੇ ਕਿ ਜੇਕਰ ਸਮਾਜਿਕ ਸੇਵਾਵਾਂ ਨੂੰ ਨਾ ਘਟਾਇਆ ਅਤੇ ਬੇ-ਰੋਜਗਾਰੀ ਭੱਤੇ ਆਦਿ ਨਾ ਘਟਾਏ ਤਾਂ ਦੇਸ਼ ਦੀ ਸਮੁੱਚੀ ਆਰਥਕਤਾ ਨੂੰ ਖਤਰਾ ਹੈ। ਇਹ ਗੁੰਮਰਾਹ ਕੁੰਨ ਪ੍ਰਚਾਰ ਅਤੇ ਲਿਖਤਾਂ ਚਲਦੀਆਂ ਰਹੀਆਂ।

ਅਮਰੀਕਾ ਨਾਲ ਬੇ-ਰੋਕ ਟੋਕ ਸਾਂਝੇ ਵਪਾਰ (ਫਰੀ ਟਰੇਡ) ਬਾਰੇ 1985 ਵਿਚ ਮੈਕਡੌਨਲਡ ਕਮਿਸ਼ਨ ਨੇ ਸਿਫਾਰਿਸ਼ ਕੀਤੀ ਅਤੇ ਉਸ ਵਿਚ ਹੀ ਸਮਾਜਿਕ ਸੇਵਾਵਾਂ ਦੇਹੈ ਨੁਕਸਾਨ ਬਾਰੇ ਆਖਦੇ ਹੋਏ ਘਟਾਉਣ ਲਈ ਆਖਿਆ। ਪਿਛਲੇ ਸਾਲ ਫੈਡਰਲ ਚੋਣ ਸਮੇਂ ਬਿਲਕੁਲ ਸਪਸ਼ਟ ਸਾਹਮਣੇ ਆਇਆ ਕਿ ਅਮਰੀਕਾ ਨਾਲ ਫਰੀ ਟਰੇਡ ਦਾ ਸਿਰਫ ਕਨੇਡੀਅਨ ਆਰਥਕਤਾ, ਪ੍ਰਭੂਸਤਾ ਅਤੇ ਸਭਿਆਚਾਰ ਨੂੰ ਹੀ ਨੁਕਸਾਨ ਨਹੀਂ ਬਲਕਿ ਸਮਾਜਿਕ ਸੇਵਾਵਾਂ, ਬੇ-ਰੋਜਗਾਰੀ ਭੱਤਾ ਅਤੇ ਸਾਰੇ ਵੈਲ-ਫੇਅਰ ਪ੍ਰਬੰਧ ਨੂੰ ਭਾਰੀ ਖਤਰਾ ਹੈ। ਜੋ ਹੁਣ ਸਚਾਈ ਦੇ ਤੌਰ ਤੇ ਸਾਹਮਣੇ ਆ ਰਿਹਾ ਹੈ।

ਬੇ-ਰੋਜਗਾਰੀ ਭੱਤੇ ਨੂੰ ਘਟਾਉਣ ਅਤੇ ਇਸ ਪ੍ਰਬਧ ਨੂੰ ਕਮਜ਼ੋਰ ਕਰਨ ਲਈ ਫੋਰਜੇ ਕਮਿਸ਼ਨ ਨੇ ਸਿਫਾਰਸ਼ਾਂ ਕੀਤੀਆਂ। ਇਸ ਵਿਰੁੱਧ ਕਨੇਡਾ ਦੀ ਅਗਾਂਹ ਵਧੂ ਲਹਿਰ ਤੇ ਘੱਟ ਗਿਣਤੀਆਂ ਤੇ ਖਾਸ ਕਰ ਮੌਸਮੀ ਕਾਮਿਆਂ ਨੇ ਰੌਲਾ ਪਾਇਆ। ਸੋ ਲੋਕਾਂ ਨੂੰ ਠੰਡਾ ਕਰਨ ਅਤੇ ਭੁਲਾਉਣ ਲਈ ਇਹ ਗੱਲ ਪਿਛੇ ਪਾ ਦਿੱਤਾ। ਪਿਛਲੇ ਸਾਲ ਚੋਣ ਸਮੇਂ ਭੀ ਆਖਿਆ ਗਿਆ ਕਿ ਬੇ-ਰੋਜ਼ਗਾਰੀ ਭੱਤੇ ਅਤੇ ਹੋਰ ਸਮਾਜਿਕ ਸੇਵਾਵਾਂ ਵਿਚ ਕਟੌਤੀ ਨਹੀਂ ਹੋਵੇਗੀ। ਪਰ ਪਿਛਲੇ ਕੁਝ ਮਹੀਨਿਆਂ ਤੋਂ ਸੱਜ ਪਿਛਾਖੜੀ ਧਨੀ ਹਿੱਤੂ ਆਦਾਰੇ ਇਹ ਜ਼ੋਰ ਪਾ ਰਹੇ ਹਨ ਕਿ ਬੇ-ਰੋਜਗਾਰੀ ਭੱਤੇ ਦਾ ਖਾਤਮਾ ਕਰੋ ਨਹੀਂ ਤਾਂ ਘੱਟੋ ਘੱਟ ਇਸ ਵਿਚ ਭਾਰੀ ਕਟੌਤੀ ਕਰੋ) ਅਤੇ ਸਮਾਜਕ ਸੇਵਾਵਾਂ ਨੂੰ ਘਟਾਉ। ਫਰੀ ਟਰੇਡ ਦੀ ਸੰਧੀ ਅਨੁਸਾਰ ਭੀ ਅਮਰੀਕਾ ਜ਼ੋਰ ਪਾ ਰਿਹਾ ਹੈ ਕਿ ਇਹ ਚੋਜ਼ਾ ਘਟਾ ਕੇ ਅਮਰੀਕੀ ਪੱਧਰ ਤੇ ਲਿਆਉ। ਇਸ ਦੀ ਬਜਾਏ ਕਿ ਕਨੇਡਾ ਜ਼ੋਰ ਪਾਵੇ ਕਿ ਅਮਰੀਕੀ ਸਮਾਜਿਕ ਸੇਵਾਵਾਂ, ਵੈਲਫੇਅਰ ਪ੍ਰਬੰਧ ਤੇ ਬੇ-ਰੋਜ਼ਗਾਰੀ ਭੱਤੇ ਨੂੰ ਉਤਾਂਹ ਚੁੱਕੇ, ਸਗੋਂ ਕਨੇਡਾ ਥੱਲੇ ਨੂੰ ਕਰਨ ਲਈ ਆਪ ਯਤਨ ਕਰ ਰਿਹਾ ਹੈ ਕਿਉਂਕਿ ਕਨੇਡਾ ਦੇ ਰਾਜ ਭਾਗ


## ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

### ਕੇ. ਐਸ.(ਕਾਲ) ਬਾਸੀ

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:

ਫ਼ੋਨ : 590-3231



K.S. (KAL) BASSI

ਦੀ ਡੋਰ ਤਾਂ ਵੱਡੇ ਧਨੀਆਂ ਦੇ ਹੱਥ ਵਿਚ ਹੈ। ਨਾਲ ਹੀ ਕਨੇਡਾ ਦੀ 68ਫੀ ਸਦੀ ਆਰਥਿਕ ਉਪਰ ਤਾਂ ਅਮਰੀਕਾ ਦਾ ਕੰਟਰੋਲ ਹੈ।

-ਹੁਣ ਬੇ-ਰੋਜ਼ਗਾਰੀ ਭੱਤੇ ਦੀ ਪ੍ਰਾਪਤੀ ਲਈ ਕੰਮ ਕਰਨ ਦੇ ਹਫਤੇ ਵਧਾ ਦੇਣੇ ਹਨ। ਜੇ ਆਪ ਕੰਮ ਛੱਡੋ ਜਾਂ ਕੱਢੇ ਜਾਓ (Fire ਹੋਵੋਂ) ਤਾਂ ਸੱਤ ਦੀ ਥਾਂ ਬਾਰਾਂ ਹਫਤੇ ਕੋਈ ਪਤਾ ਨਹੀਂ ਅਤੇ ਮਿਲੇਗਾ ਭੀ ਤਨਖਾਹ ਦਾ ਅੱਧ।

- ਅੱਗੇ ਹਰ ਰੀਜ਼ਨ ਲਈ ਬੇ-ਰੋਜ਼ਗਾਰੀ ਦਾ ਰੇਟ ਗਿਣਨ ਲਈ ਆਧਾਰ ਚਾਰ ਫੀ ਸਦੀ ਬੇ-ਰੋਜ਼ਗਾਰੀ ਸੀ ਪਰ ਹੁਣ 6 (ਛੇ) ਫੀ ਸਦੀ ਹੋਵੇਗੀ। ਸੋ ਨਾਲ ਹੀ ਲੋਕਾਂ ਨੂੰ ਵੱਧ ਰਹੀ ਬੇ-ਰੋਜ਼ਗਾਰੀ ਲਈ ਤਿਆਰ ਕੀਤਾ ਜਾ ਰਿਹਾ ਹੈ ਕਿ ਇਹ ਨਾਰਮਲ ਗੱਲ ਹੀ ਹੈ।

-ਕਿੰਨੇ ਹਫਤੇ ਭੱਤਾ ਮਿਲੇਗਾ, ਇਹ ਭੀ ਘਟਾਏ ਜਾਣੇ ਹਨ।

- ਬੇ-ਰੋਜ਼ਗਾਰੀ ਭੱਤੇ ਲਈ ਤਨਖਾਹ ਵਿਚੋਂ ਕਟੌਤੀ ਵੱਧ ਜਾਣੀ ਹੈ।

- ਆਖਿਆ ਇਹ ਜਾ ਰਿਹਾ ਹੈ ਕਿ ਉਪਰਲੀਆਂ ਗੱਲਾਂ ਨਾਲ ਜੋ ਪੈਸਾ ਬਚੇਗਾ ਉਹ ਮਜ਼ਦੂਰ ਦੀ ਦੋ-ਬਾਰਾ ਟਰੇਨਿੰਗ ਤੇ ਲਾਇਆ ਜਾਵੇਗਾ।

ਸੋ ਮਜ਼ਦੂਰ ਦੀ ਟਰੇਨਿੰਗ ਲਈ, ਉਸ ਦੇ ਜੇਬ (ਭਾਵ ਕਟੌਤੀ ਕਰਕੇ) ਹੀ ਲਏ ਜਾਣੇ ਹਨ। ਕਾਮਿਆਂ ਦੀ ਟਰੇਨਿੰਗ ਲਈ ਫਿਰ ਇਹ ਪੈਸੇ ਕੰਪਨੀਆਂ ਨੂੰ ਦਿੱਤੇ ਜਾਣਗੇ। ਜੇ ਕਾਮੇ ਨੇ ਮਾੜੀ ਤੇ ਘੱਟੋ ਘੱਟ ਤਨਖਾਹ ਵਾਲੇ ਕੰਮ ਤੋਂ ਨਾਂਹ ਕੀਤੀ ਤਾਂ ਭੱਤੇ ਦੀ ਕਟੌਤੀ ਕਰ ਦਿੱਤੀ ਜਾਵੇਗੀ। ਇਸ ਨਾਲ ਯੂਨੀਅਨ ਤੇ ਭੀ ਅਸਰ ਪਵੇਗਾ।

ਸੋ ਇਹ ਸਾਰੀ ਸਕੀਮ ਹੀ ਮਜ਼ਦੂਰ ਅਤੇ ਯੂਨੀਅਨ ਵਿਰੋਧੀ ਹੈ। ਧਨੀਆਂ ਲਈ ਸਸਤੀ ਮਜ਼ਦੂਰ ਦੇਣ ਦਾ ਇੱਕ ਹੋਰ ਢੰਗ ਹੈ। ਇਸ ਵਿਚ ਹੋਰ ਭੀ ਕਟੌਤੀਆਂ ਦੀ ਸੰਭਾਵਨਾ ਹੈ। ਸੋ ਹੁਣ ਤੋਂ ਹੀ ਹਰ ਵਿਅਕਤੀ ਨੂੰ ਇਸ ਵਿਰੁੱਧ ਆਪਣੇ ਐਮ. ਪੀ. ਨੂੰ ਲਿਖਣਾ ਚਾਹੀਦਾ ਹੈ ਅਤੇ ਯੂਨੀਅਨ ਆਦਿ ਵਲੋਂ ਇਸ ਕਦਮ ਵਿਰੁੱਧ ਚਲਾਈ ਮੁਹਿਮ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਸਗੋਂ ਯੂਨੀਅਨ ਨੂੰ ਮਜਬੂਰ ਕਰੋ ਕਿ ਉਹ ਇਸ ਮਾਰੂ ਹਮਲੇ ਵਿਰੁੱਧ ਸਰਗਰਮ ਮੁਹਿਮ ਆਰੰਭ ਕਰੇ।

# ਮਈ ਦਿਵਸ ਸ਼ਤਾਬਦੀ

ਸੰਸਾਰ ਪੱਧਰ ਉਪਰ ਪਹਿਲੀ ਮਈ ਦਾ ਦਿਨ ਮਜ਼ਦੂਰ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਬਾਰ ਦਾ ਮਈ ਦਿਨ ਇਸ ਲਈ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਅੱਜ ਤੋਂ ਬਾਕਾਇਦਾ ਇੱਕ ਸੌ ਸਾਲ ਪਹਿਲਾਂ ਇਸ ਨੂੰ ਸੰਸਾਰ ਪੱਧਰ ਉੱਤੇ ਮਿਹਨਤਕਸ਼ਾਂ ਦੀ ਏਕਤਾ ਉਸਾਰਨ ਦੇ ਤੌਰ ਤੇ ਮਨਾਇਆ ਜਾਣ ਦਾ ਫੈਸਲਾ ਲਿਆ ਸੀ।

ਮਜ਼ਦੂਰ ਜਮਾਤ ਟਰੇਡ ਯੂਨੀਅਨਾਂ ਦੇ ਰਾਹੀਂ ਆਪਣੀਆਂ ਅਨੇਕਾਂ ਮੰਗਾਂ ਜਿੱਤ ਚੁੱਕੀ ਹੈ ਪਰੰਤੂ ਕੰਪਨੀਆਂ ਨਵੇਂ ਹਾਲਾਤ ਵਿਚ ਮਜ਼ਦੂਰਾਂ ਦੇ ਜਿੱਤੇ ਹੱਕਾਂ ਨੂੰ ਖਤਮ ਕਰਨਾ ਚਾਹੁੰਦੀਆਂ ਹਨ। ਕੰਪਨੀਆਂ ਦੀਆਂ ਪ੍ਰਤੀਨਿਧ ਸਰਕਾਰਾਂ ਮਜ਼ਦੂਰਾਂ ਦੇ ਹੱਕਾਂ ਨੂੰ ਖੋਹਣ ਵਿਚ ਕਾਨੂੰਨ ਦਾ ਸਹਾਰਾ ਲੈਂਦੀਆਂ ਹਨ। ਕੰਪਨੀਆਂ ਅਤੇ ਸਰਕਾਰ ਦੇ ਮਜ਼ਦੂਰਾਂ ਦੇ ਹੱਕਾਂ ਉਪਰ ਕੀਤੇ ਜਾ ਰਹੇ ਹਮਲਿਆਂ ਦਾ ਮੁਕਾਬਲਾ ਸਿਰਫ ਮਜ਼ਦੂਰ ਜਮਾਤ ਦੀ ਪੱਕੀ ਏਕਤਾ ਦੁਆਰਾ ਹੀ ਕੀਤਾ ਜਾ ਸਕਦਾ ਹੈ।

ਕੈਨੇਡਾ ਦੀ ਟੋਰੀ ਸਰਕਾਰ ਨੇ ਬੇਰੁਜ਼ਗਾਰੀ ਦੇ ਅਲਾਊਂਸ (U.I.C.) ਉਪਰ, ਵੱਡਾ ਹਮਲਾ ਬੋਲ ਦਿੱਤਾ ਹੈ। ਹੁਣ ਇਸ ਲਈ ਸਰਕਾਰ ਇੱਕ ਡਾਲਰ ਵੀ ਖਰਚ ਨਹੀਂ ਕਰੇਗੀ। ਇਹ ਮਜ਼ਦੂਰਾਂ ਦੇ ਇੱਕ ਅਤੀ ਮਹੱਤਵਪੂਰਨ ਹੱਕ ਉਪਰ ਛਾਪਾ ਹੈ। ਇਹ ਅਮਰੀਕਾ ਨਾਲ ਕੀਤੇ "ਫਰੀ ਟਰੇਡ" ਵਿਚੋਂ ਪੈਦਾ ਹੋਈ ਪਹਿਲੀ ਸੁਗਾਤ ਹੈ।

ਟਰੇਡ ਯੂਨੀਅਨਾਂ ਨੂੰ ਚਾਹੀਦਾ ਹੈ ਕਿ ਉਹ ਇਸ ਸੰਬੰਧੀ ਆਪਣੇ ਮੈਂਬਰਾਂ ਨੂੰ ਸਿੱਖਿਅਤ ਕਰਨ। ਕੈਨੇਡੀਅਨ ਲੇਬਰ ਕਾਂਗਰਸ ਇਸ ਮਸਲੇ ਉਪਰ ਦੇਸ਼ ਭਰ ਵਿਚੋਂ ਵਿਰੋਧ ਰੈਲੀਆ ਜੱਥੇਬੰਦ ਕਰਕੇ ਹੜਤਾਲ ਤੱਕ ਕੇ ਐਕਸ਼ਨ ਲਈ ਤਿਆਰੀ ਕਰਨੀ ਚਾਹੀਦੀ ਹੈ।

ਕੈਨੇਡਾ ਵਿਚ ਮਈ ਦਿਵਸ ਸ਼ਤਾਬਦੀ ਮਨਾਉਣ ਦਾ ਇਸ ਤੋਂ ਕੋਈ ਹੋਰ ਕਿਹੜਾ ਚੰਗਾ ਅਮਲੀ ਢੰਗ ਹੋ ਸਕਦਾ ਹੈ।


**Star Drywall**
**Construction Co. Ltd.**

**P.O.BOX 639**
**SURREY, B.C. V3T 5L9**

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**



GM Canada

**WHEATON**

**PONTIAC BUICK GMC LTD.**

**Bus: 526-2781 Res: 524-4137**

**325—12th St., New Westminster, B.C.**



**Pager 687- 7711 #7610**



**Kuldip S. Jhand**

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

# ਜਗਤਾਰ ਸ. ਸੰਧੂ ਦੀਆਂ ਘਟੀਆਂ ਊਜਾਂ ਦਾ ਉਤਰ

ਵੈਸੇ ਅਸੀਂ ਕਿਸੇ ਵਿਅਕਤੀ ਨਾਲ ਤੇ ਖਾਸ ਕਰ ਨੀਵੀਂ ਪੱਧਰ ਦੀ ਭਾਸ਼ਾ ਵਾਲੇ ਤੇ ਅਲਜ਼ਾਮ ਤਰਾਸ਼ੀ ਵਾਲੇ ਨਾਲ ਵਾਦ ਵਿਵਾਦ ਵਿਚ ਨਹੀਂ ਪੈਂਦੇ ਕਿਉਂਕਿ ਅਸੀਂ ਸਿਆਸੀ ਪੱਧਰ ਤੇ ਸਮਾਜ ਸੰਬੰਧਤ ਮਸਲਿਆਂ ਤੇ ਵਿਚਾਰ ਵਟਾਂਦਰਾ ਕਰਦੇ ਹਾਂ। ਪਰ ਇਕ ਨਵੇਂ ਸਜੇ ਲੀਡਰ ਸ੍ਰੀ ਜਗਤਾਰ ਸੰਧੂ ਨੇ 13 ਅਪਰੈਲ 1989 ਦੀ 'ਆਵਾਜ਼ਿ ਕੌਮ' ਵਿਚ ਕੁਝ ਨੁਕਤੇ ਉਠਾਏ ਹਨ ਜਿਨ੍ਹਾਂ ਬਾਰੇ ਉਸ ਨੂੰ ਕਿੰਨਾ ਕੁ ਗਿਆਨ ਹੈ, ਉਹ ਤਾਂ ਉਸ ਦੀ ਘਟੀਆ ਬੋਲੀ ਅਤੇ ਤੁਹਮਤ ਬਾਜ਼ੀ ਦੱਸਦੀ ਹੈ। ਪਰ ਇਥੇਂ ਅਸੀਂ ਉਸ ਦੀ ਸਿਆਸਤ, ਅਫਗਾਨਿਸਤਾਨ ਤੇ ਕਮਿਊਨਿਸਟਾਂ ਪ੍ਰਤੀ ਉਠਾਏ ਨੁਕਤਿਆਂ ਨੂੰ ਨੰਗਾ ਕਰਨਾ ਚਾਹੁਦੇ ਹਾਂ।

ਮਜ਼ਦੂਰ ਕਿਸਾਨਾਂ ਤੇ ਸਾਮਰਾਜੀਆਂ ਤੇ ਉਨ੍ਹਾਂ ਦੇ ਅਜੰਟਾਂ ਵਲੋਂ ਬੜੇ ਅਲਜ਼ਾਮ ਲੱਗਦੇ ਹਨ। ਤੇ ਕੇਸ ਭੀ ਬਣਦੇ ਰਹਿੰਦੇ ਹਨ। ਪਰ ਅਸਲੀ ਫੈਸਲਾ ਤਾ ਲੋਕ ਹੀ ਕਰਦੇ ਹਨ। ਗੁਰਨਾਮ ਸਿੰਘ ਸੰਘੇੜਾ ਨੇ ਤਾਂ ਬਰਤਾਨਵੀ ਪੁਲਸ ਵਲੋਂ ਹੋ ਰਹੇ ਵਿਤਕਰੇ ਅਤੇ ਨਸਲਵਾਦ ਬਾਰੇ ਕਿਤਾਬ ਲਿਖੀ ਤੇ ਪੁਲਸ ਤਲ ਮਲਾਈ। ਪਰ ਉਸ ਨੇ ਭਾਰਤ ਅਤੇ ਭਾਰਤੀ ਲੋਕਾਂ ਨਾਲ ਗੱਦਾਰੀ ਨਹੀਂ ਕੀਤੀ। ਅਸੀਂ ਗਦਰੀ ਬਾਬਿਆਂ, ਦੇਸ਼ ਭਗਤਾਂ ਦੀਆਂ ਤੇ ਆਜ਼ਾਦੀ, ਭਰਾਤਰੀ ਭਾਵ ਤੇ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣ ਦੀਆਂ ਰਵਾਇਤਾਂ ਦੇ ਝੰਡਾ ਬਰਦਾਰ ਹਾਂ। ਅਸੀਂ ਭਾਰਤ ਅਤੇ ਭਾਰਤੀ ਮਜ਼ਦੂਰ ਕਿਸਾਨ ਦੇ ਅਜੰਟ ਹਾਂ ਜਿਸ ਤੇ ਸਾਨੂੰ ਮਾਣ ਹੈ। ਨਾਲ ਹੀ ਅਸੀਂ ਮਜ਼ਦੂਰ ਕਿਸਾਨ ਦੇ ਹਿਤਾਂ ਨੂੰ ਕੁਚਲਣ ਤੇ ਕੁਰਾਹੇ ਪਾਉਣ ਵਾਲੇ ਅਨਸਰਾਂ, ਸਾਮਰਾਜੀਆਂ, ਉਹਨਾਂ ਦੇ ਅਜੰਟਾਂ ਅਤੇ ਲੋਕਾਂ ਦੀ ਭਰਾਤਰੀ ਭਾਵਨਾ ਵਿਚ ਜ਼ਹਿਰ ਘੋਲਣ ਵਾਲੇ ਫਿਰਕੂਆਂ, ਅਤਿਵਾਦੀਆਂ, ਵੱਖਵਾਦੀਆਂ ਤੇ ਮੂਲਵਾਦੀਆਂ ਦੇ ਡੱਟ ਕੇ ਵਿਰੋਧੀ ਹਾਂ। ਅਸੀਂ ਇਨ੍ਹਾਂ ਲੋਕਾਂ ਨੂੰ ਭਾਂਜ ਦੇਣ ਲਈ ਯਤਨ ਸ਼ੀਲ ਹਾਂ। ਜਿਹੜੀ ਪਾਰਟੀ, ਸ਼ਕਤੀ ਤੇ ਸੈਕਸ਼ਨ ਦੇਸ਼ ਦੀ ਏਕਤਾ ਤੇ ਭਰਾਤਰੀ ਭਾਵ ਲਈ ਖੜਦੀ ਹੈ, ਅਸੀਂ ਇਸ ਮਸਲੇ ਤੇ ਉਨ੍ਹਾਂ ਦੇ ਨਾਲ ਹਾਂ।

ਅਸੀਂ ਸਿਆਸੀ ਪੱਧਰ ਤੇ ਜਮਾਤੀ ਪੱਖ ਤੋਂ ਗਲ ਕਰਦੇ ਹਾਂ। ਮਜ਼ਦੂਰ ਕਿਸਾਨ ਦੇ ਹੱਕਾਂ ਤੇ ਵਿਰੋਧ ਵਾਲੇ ਘੋਲਾਂ ਵਿਚ ਫਰਕ ਕਰਦੇ ਹਾਂ। ਜਿਹੜਾ ਘੋਲ ਜਾਂ ਲੜਾਈ ਮਜਦੂਰ ਨੂੰ ਵੰਡਦਾ ਤੇ ਦੇਸ਼ ਦੀ ਆਜ਼ਾਦੀ ਨੂੰ ਖਤਰਾ ਪਾਉਂਦਾ ਹੈ, ਅਸੀਂ ਉਸ ਦੇ ਵਿਰੁੱਧ ਹਾਂ। ਅਸੀਂ ਹਰ ਪਾਰਟੀ ਤੇ ਸੈਕਸ਼ਨ ਨੂੰ ਆਪਣੀ ਸਿਆਸਤ ਤੇ ਪ੍ਰੋਗਰਾਮ ਬਾਰੇ ਖੁਲ ਕੇ ਦੱਸਦੇ ਹਾਂ। ਕਿਸੇ ਨੂੰ ਸੱਦਣ ਤੇ ਸੱਦੇ ਤੇ ਜਾਣ ਜਾਂ ਉਸ ਨਾਲ ਕੋਈ ਸਾਂਝਾ ਐਕਸ਼ਨ ਜਾਂ ਫਰੰਟ ਸਮੇਂ, ਆਪਣੀ ਸਿਆਸਤ ਬਾਰੇ ਸਪਸ਼ਟ ਕਰਕੇ ਘੱਟੋ ਘੱਟ ਪ੍ਰੋਗਰਾਮ ਦੱਸਦੇ ਹਾਂ। ਇੱਕਲੇ ਲੈਟਰ ਹੈਡ ਤੋਂ ਸਿਆਸਤ ਦਾ ਪਤਾ ਨਹੀਂ ਲੱਗਦਾ।

ਭਾਰਤ ਵਿਚ ਮਾਰਕਸੀ ਪਾਰਟੀ ਦਾ ਨਿਸ਼ਾਨਾਂ ਲੋਕ ਜਮਹੂਰੀਅਤ ਹੈ। ਉਥੇ ਵੱਡੀ ਸਰਮਾਏਦਾਰੀ ਦੀ ਅਗਵਾਈ ਵਿਚ ਸਰਮਾਏਦਾਰੀ ਦੀ ਜਾਗੀਰਦਾਰੀ ਨਾਲ ਭਿਆਲੀ ਰਾਹੀਂ ਚੱਲ ਰਹੀ ਸਰਕਾਰ ਨੂੰ ਗੱਦੀ ਤੋਂ ਲਾਹੁਣਾ ਮੁਖ ਨਿਸ਼ਾਨਾ ਹੈ। ਇਸ ਸਮੇਂ ਖੱਬਾ ਮੋਰਚਾ ਉਸਾਰ ਕੇ ਕਾਂਗਰਸ (ਏ) ਨੂੰ ਗੱਦੀ ਤੋਂ ਲਾਹੁਣਾ ਹੈ ਅਤੇ ਅੱਜ ਰਾਜੀਵ ਸਰਕਾਰ ਨੂੰ ਲਾਹੁਣ ਲਈ ਮਾਰਕਸੀ ਪਾਰਟੀ ਦੇਸ਼ ਵਿਆਪੀ ਘੋਲ ਚਲਾ ਰਹੀ ਹੈ। ਮਾਰਕਸੀ ਪਾਰਟੀ ਤਾਂ ਠੋਕ ਕੇ ਆਖ ਰਹੀ ਹੈ ਕਿ ਜਿਥੇ ਫਿਰਕੂ ਵੱਖਵਾਦੇ ਤੇ ਮੂਲਵਾਦੀ ਅੱਤਵਾਦੀ ਦੇਸ਼ ਲਈ ਖਤਰਾ ਹੈ ਉਥੇ ਕਾਂਗਰਸ ਸਰਕਾਰ ਭੀ ਦੇਸ਼ ਦੀ ਏਕਤਾ ਲਈ ਡੱਟ ਕੇ ਸਿਆਸੀ ਐਕਸ਼ਨ ਨਹੀਂ ਕਰਦੀ। ਆਖਿਰ ਨੂੰ ਸਗੋਂ ਫਿਰਕੂ ਖਾਲਿਸਤਾਨ, ਆਰ. ਐਸ. ਐਸ. ਤੇ ਮੁਸਲਮਲੀਗ ਵਰਗੇ ਤਾਂ ਕਮਿਊਨਿਸਟਾਂ ਦੇ ਵਿਰੋਧ ਵਿਚ ਕਾਂਗਰਸ ਤੇ ਸਰਮਾਏਦਾਰੀ ਨਾਲ ਜਾ ਰਲਦੇ ਹਨ। ਰਲਣ ਭੀ ਕਿਉਂ ਨਾ ਇਨ੍ਹਾਂ ਦੇ ਹਿਤ ਸਾਂਝੇ ਹਨ। ਇਸ ਹੀ ਕਰਕੇ ਸਰਮਾਏਦਾਰੀ ਤਾਂ ਅਗਾਂਹ ਵਧੂ ਲੋਕਾਂ ਨੂੰ ਤੰਗ ਕਰਦੀ ਹੈ। ਇਥੋਂ ਭੀ ਜਦੋਂ 1985 ਵਿਚ ਅਗਾਂਹ ਵਧੂ ਦੇਸ਼ ਹਿਤੈਸ਼ੀਆਂ ਨੂੰ ਭਾਰਤੀ ਤੇ ਪੰਜਾਬ ਵੀਜ਼ੇ ਲਈ ਹਫਤਿਆਂ ਤੇ ਮਹੀਨਿਆਂ ਬੱਧੀ ਲੱਗਦੇ ਸਨ, ਉਸ ਸਮੇਂ ਇਸ ਤਰ੍ਹਾਂ ਦੇ ਅਖੌਤੀ ਕਾਂਗਰਸ ਵਿਰੋਧ ਲੋਕਾਂ ਨੂੰ ਪੰਜਾਬ ਆਦਿ ਦਾ ਵੀਜਾ ਮਿਲ ਜਾਂਦਾ। ਇਹ ਕਿਵੇਂ ਤੇ ਕਿਉਂ ਅਸੀਂ ਕਿਸੇ ਦੇ ਨਿੱਜੀ ਮਾਮਲੇ ਵਿਚ ਜਾਂਦੇ ਹੀ ਨਹੀਂ।

ਮਾਰਕਸੀ ਪਾਰਟੀ ਕਿਸੇ ਧਰਮ ਦੇ ਵਿਰੁੱਧ ਨਹੀਂ। ਧਰਮ ਹਰ ਵਿਅਕਤੀ ਦਾ ਜਾਤੀ ਤੇ ਅੰਦਰਲਾ ਮਸਲਾ ਤੇ ਵਿਸ਼ਵਾਸ਼ ਹੈ। ਪਰ ਧਰਮ ਕਿਸੇ ਤੇ ਠੋਸਿਆ ਨਾ ਜਾਵੇ ਤੇ ਨਾ ਹੀ ਸਿਆਸਤ ਵਿਚ ਦਖਲ ਦੇਵੇ। ਜੇ ਧਰਮ ਦਖਲ ਦੇਵੇਗਾ ਤੇ ਫਿਰ ਦੂਜੇ ਭੀ ਉਸ ਵਿਚ ਸਿਆਸਤ ਫਿਰਕੂਆਂ, ਸਾਮਰਾਜੀ ਅਜੰਟਾਂ ਤੇ ਮੌਕਾਂ ਪ੍ਰਸਤਾਂ ਵਲੋਂ ਧਰਮ ਨੂੰ ਸਿਆਸਤ ਨਾਲ ਰਲਗੱਡ ਕਰਨ ਦੇ ਵਿਰੁੱਧ ਹਾਂ। ਕਮਿਊਨਿਸਟ ਪਾਰਟੀ ਵਿਸ਼ਵ ਪੱਧਰ ਤੇ ਮਜ਼ਦੂਰ ਹਿੱਤਾਂ ਤੇ ਉਸ ਦੇ ਕਲਿਆਣ ਲਈ ਬਚਨਬੱਧ ਹੈ। ਇਸ ਦਾ ਵਿਗਿਆਨਕ ਤੇ ਬਾ-ਦਲੀਲ ਫਲਸਫਾ, ਮਜ਼ਦੂਰ ਨੂੰ ਫਿਰਕੂ, ਰੰਗ, ਨਸਲ, ਬਣਨਵਾਦ ਆਦਿ ਵੰਡਾਂ ਤੋਂ ਉਪਰ ਉਠਣ ਲਈ ਆਖਦੀ ਹੈ। ਮਜ਼ਦੂਰ ਦੀ ਸਰਦਾਰੀ ਵਿਚ ਸਰਕਾਰਾਂ ਸਥਾਪਤ ਕਰਨ ਲਈ ਐਕਸ਼ਨ ਕਰਦੀ ਹੈ। ਇਸ ਪਾਰਟੀ ਦੀ ਮੈਂਬਰਸ਼ਿਪ ਮਿਲਣਾ ਇਕ ਸੁਭਾਗ ਅਤੇ ਮਾਣ ਵਾਲੀ ਗੱਲ ਹੈ ਕਿਉਂਕਿ ਹਰ ਬੰਦੇ ਨੂੰ ਉਸ ਦੇ ਕਹਿਣ ਤੇ ਹੀ ਮੈਂਬਰਸ਼ਿਪ ਨਹੀਂ ਮਿਲਦੀ। ਕਮਿਊਨਿਸਟ ਪਾਰਟੀ ਮਜ਼ਦੂਰ ਵਰਗ ਦਾ ਅਗਵਾਈ ਕਰਨ ਵਾਲਾ ਹਰਾਵਲ ਦਸਤਾ ਹੈ, ਉਸ ਦੀ ਢਾਲ ਹੈ। ਸੋ ਇਸ ਤਰ੍ਹਾਂ ਦੀ ਕਲਿਆਣਕਾਰੀ, ਕਰਮਸ਼ੀਲ ਫਲਸਫੇ ਵਾਲੀ ਵਿਸ਼ਵ ਪੱਧਰ ਦੀ ਸੋਚਣੀ ਵਾਲੀ ਪਾਰਟੀ ਦੇ ਘੇਰੇ ਵਿਚ ਆਉਣ ਤੇ ਹੋਣ ਦਾ ਮਾਣ ਹਰ ਇਕ ਨੂੰ ਨਹੀਂ ਮਿਲਦਾ। ਸੋ

ROYAL FURNITURE LTD.
2607 MAIN STREET (at 10th. AVE.) VANCOUVER, B.C
TEL. 874-9525

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ
ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ
ਆਓ ਤੇ ਅਜ਼ਮਾ ਕੇ ਦੇਖੋ




ROYAL FURNITURE
● ਲਿਵਿੰਗ ਰੂਮ ● ਡਾਇਨਿੰਗ ਰੂਮ
● ਬੈਡ ਰੂਮ ਅਤੇ
ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ
ਰੌਇਲ ਫਰਨੀਚਰ ਲਿਮ:

ਸਾਮਾਨ ਵਿਦਰੋਹੀਆਂ ਹੱਥ ਕਿਥੋਂ ਆਇਆ। ਤੋਪਖਾਨੇ ਤੋਂ ਭਾਰੀ ਗੋਲਾਬਾਰੀ ਅਤੇ ਰੋਜ਼ਾਨਾ 4500 ਦੇ ਹਿਸਾਬ ਨਾਲ ਰਾਕਟਾਂ ਦੇ ਭਾਰੀ ਹਮਲਿਆਂ ਦੇ ਬਾਵਜੂਦ, ਅਫਗਾਨ ਇਨਕਲਾਬੀ ਦਸਤਿਆਂ ਨੇ 26 ਮਾਰਚ ਨੂੰ ਹਮਲਾਵਰਾਂ ਨੂੰ ਪਿੱਛੇ ਧੱਕ ਦਿਤਾ।

ਧਿਆਨ ਦੇਣ ਯੋਗ ਹੈਕਿ ਜਲਾਲਾਬਾਦ ਉਪਰ ਇਸ ਦੂਸਰੇ ਹਮਲੇ ਦੇ ਨਾਲ ਹੀ 'ਧਿਆਨ ਵੰਡਾਉਣ' ਦੀ ਰਵਾਇਤੀ ਫੌਜੀ ਰਣਨੀਤੀ ਦੀ ਵਰਤੋਂ ਕਰਦੇ ਹੋਏ ਵਿਦਰੋਹੀਆਂ ਨੇ ਕਾਬੁਲ ਦੇ ਦੱਖਣ-ਪੱਛਮ ਵਿਚ ਸਥਿਤ ਸ਼ਹਿਰ ਕੰਧਾਰ ਉਪਰ ਵੀ ਹਮਲਾ ਕੀਤਾ ਸੀ। ਅਫਗਾਨ ਇਨਕਲਾਬੀ ਦਸਤਿਆਂ ਨੇ ਇਸ ਹਮਲੇ ਦਾ ਵੀ ਮੂੰਹ ਭੰਨ ਦਿਤਾ। ਇਸੇ ਦੌਰਾਨ 24 ਮਾਰਚ ਨੂੰ 25 00 ਵਿਦਰੋਹੀ ਸੈਨਿਕਾਂ ਨੇ ਹਵਾਈ ਅੱਡੇ ਤੋਂ 40 ਕਿਲੋਮੀਟਰ ਦੂਰ ਸ਼ਹਿਰ ਠਾਕਪੁਰ ਉਪਰ ਹਮਲਾ ਕੀਤਾ ਸੀ ਇਸ ਹਮਲੇ ਨੂੰ ਵੀ ਕਾਰਗਰ ਢੰਗ ਨਾਲ ਪਿਛਾੜ ਦਿਤਾ ਗਿਆ। ਖੈਰ ਇਹਨਾਂ ਸਾਰੇ ਅਸਫਲ ਹਮਲਿਆਂ ਤੋਂ ਇਕ ਸਪਸ਼ਟ ਪੈਟਰਨ ਉਭਰ ਕੇ ਸਾਹਮਣੇ ਆਇਆ ਹੈ। ਇਹ ਸਾਫ ਹੈ ਕਿ ਵਿਦਰੋਹੀਆਂ ਦੀਆਂ ਫੌਜੀ ਸਕੀਮਾਂ ਵਿਚ ਉਚੇ ਦਰਜੇ ਦਾ ਤਾਲਮੇਲ ਹੈ ਅਤੇ ਇਹ ਸਕੀਮਾਂ ਸਹੀ ਫੌਜੀ ਰਣਨੀਤੀ ਦੇ ਅਧਾਰ ਤੇ ਪਾਕਿਸਤਾਨੀ ਫੌਜ ਵਲੋਂ ਲਗਾਤਾਰ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਵਿਦਰੋਹੀਆਂ ਹਵਾਲੇ ਕੀਤੀਆਂ ਜਾ ਰਹੀਆਂ ਹਨ।

ਖੈਰ ਪਾਕਿਸਤਾਨੀ ਫੌਜ ਦੀ ਇਸ ਖੁੱਲਮ-ਖੁੱਲੀ ਦਖਲ-ਅੰਦਾਜ਼ੀ ਦੇ ਬਾਵਜੂਦ ਅਫਗਾਨ ਫੌਜਾਂ ਵਿਦਰੋਹੀਆਂ ਦੇ ਹਮਲਿਆਂ ਨੂੰ ਸਫਲਤਾ ਨਾਲ ਪਿੱਛੇ ਧੱਕ ਰਹੀਆਂ ਹਨ ਅਮਰੀਕਾ ਵਲੋਂ ਵਿਦਰੋਹੀਆਂ ਨੂੰ ਸ਼ਟਿੰਗਰ ਮਿਜ਼ਾਈਲਾਂ ਦਿਤੀਆਂ ਗਈਆਂ ਹਨ, ਫਿਰ ਵੀ ਅਫਗਾਨ ਏਅਰ ਫੋਰਸ ਇਨਕਲਾਬ ਦੀ ਰਾਖੀ ਦੇ ਸੰਘਰਸ਼ ਵਿਚ ਜ਼ਬਰਦਸਤ ਭੂਮਿਕਾ ਅਦਾ ਕਰ ਰਹੀ ਹੈ। ਪ੍ਰਾਪਤ ਰਿਪੋਰਟਾਂ ਅਨੁਸਾਰ, ਇਹ ਮਿਜ਼ਾਈਲਾਂ ਹੁਣ ਤਕ ਸਿਰਫ 3 ਜਹਾਜ਼ ਹੀ ਸੁੱਟ ਸਕੀਆਂ ਹਨ ਜਿਹਨਾਂ ਵਿਚੋਂ ਇਕ ਹੈਲੀਕਾਪਟਰ ਸੀ।

## ਵਿਦਰੋਹੀਆ ਦੀ ਬੁਖਲਾਹਟ

ਆਪਣੀ ਇਕ ਤੋਂ ਮਗਰੋਂ ਇਕ ਹੋਈ ਅਸਫਲਤਾ ਤੋਂ ਬੁਖਲਾਕੇ ਵਿਦਰੋਹੀਆਂ ਨੇ ਜਲਾਲਾਬਾਦ ਅਤੇ ਕਾਬੁਲ ਵਲ ਨੂੰ ਜਾਣ ਵਾਲੀਆਂ ਸੜਕਾਂ ਅਤੇ ਪੁਲਾਂ ਨੂੰ ਉਡਾਉਣਾ ਸ਼ੁਰੂ ਕਰ ਦਿਤਾ ਹੈ। ਇਸ ਪਿਛੇ ਇਕ ਦੂਜੀ ਰਣਨੀਤੀ ਹੈ—ਅਫਗਾਨ ਸਰਕਾਰ ਦੀਆਂ ਫੌਜਾਂ ਦੇ ਆਉਣ-ਜਾਣ ਵਿਚ ਰੁਕਾਵਟਾਂ ਪਾਉਣਾ ਅਤੇ ਇਹਨਾਂ ਸ਼ਹਿਰਾਂ ਦੇ ਵਸਨੀਕਾਂ ਨੂੰ ਭੁੱਖੇ ਮਾਰਨਾ। ਇਸ ਦੇ ਨਾਲ ਹੀ ਉਹ ਲੰਬੀ ਦੂਰੀ ਤਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾਲ ਇਹਨਾਂ ਸ਼ਹਿਰਾਂ ਉਪਰ ਅੰਨੇਵਾਹ ਬੰਬਾਰੀ ਦਾ ਕੰਮ ਜਾਰੀ ਰਖੇ ਹੋਏ ਹਨ, ਜਿਸ ਨਾਲ ਅਣਗਿਣਤ ਬੇਦੋਸ਼ੇ ਨਾਗਰਿਕਾਂ ਦੀਆਂ ਮੌਤਾਂ ਹੋਈਆਂ ਹਨ।

ਦੂਜੇ ਪਾਸੇ, ਹੁਣ ਪੱਛਮੀ ਖਬਰ ਏਜੰਸੀਆਂ ਤਕ ਇਹ ਸਵੀਕਾਰ ਕਰਨ ਲਈ ਮਜਬੂਰ ਹੋ ਗਈਆਂ ਹਨ ਕਿ ਜਲਾਲਾਬਾਦ ਦੀ ਸਫਲਤਾ ਨਾਲ ਰਾਖੀ ਕੀਤੇ ਜਾਣ ਦਾ ਰਾਜ਼ ਇਹ ਹੈ ਕਿ ਸ਼ਹਿਰ ਦੀ ਸਿਵਲ ਅਬਾਦੀ ਦੇ ਹੌਂਸਲੇ ਬਹੁਤ ਬੁਲੰਦ ਹਨ। ਸੱਚ ਤਾਂ ਇਹ ਹੈ ਕਿ ਸ਼ਹਿਰਾਂ ਉਪਰ ਵਿਦਰੋਹੀਆਂ ਦੀ ਅੰਨ੍ਹੇਵਾਹ ਬੰਬਾਰੀ ਦੇ ਚਲਦੇ ਹੋਏ ਜਨ ਅਤੇ ਧਨ ਦੇ ਭਾਰੀ ਨੁਕਸਾਨ ਤੋਂ ਆਮ ਅਫਗਾਨ ਨਰਾਜ਼ ਹਨ। ਵਿਦਰੋਹੀਆਂ ਨੂੰ ਅਫਗਾਨ ਨਾਗਰਿਕਾਂ ਦੀ ਪਹਿਲਾਂ ਹਮਦਰਦੀ ਮਿਲ ਸਕਦੀ ਸੀ। ਇਸਦਾ ਇਕ ਕਾਰਨ ਤਾਂ ਅਫਗਾਨ ਜਨਤਾ ਨੂੰ ਉਹਨਾਂ ਦੀ ਦੁਹਾਈ ਦਾ ਹੀ ਸੀ ਕਿ ਅਫਗਾਨਿਸਤਾਨ ਨੂੰ ਬਦੇਸ਼ੀ ਸੈਨਿਕਾਂ ਤੋਂ ਮੁਕਤੀ ਦੁਆਉਣੀ ਹੈ। ਸੋਵੀਅਤ ਫੌਜਾਂ ਦੀ ਵਾਪਸੀ ਮਗਰੋਂ ਇਹ ਦੁਹਾਈ ਬੇਕਾਰ ਹੋ ਗਈ ਹੈ। ਉਲਟਾ ਆਮ ਜਨਤਾ ਦੀਨਜਤ ਵਿਚ ਵਿਦਰੋਹੀਆਂ ਦੇ ਇਰਾਦੇ ਹੀ ਸ਼ੱਕੀ ਹੋ ਗਏ ਹਨ ਜੋ ਦੂਸਰਿਆਂ ਦੇ ਇਸ਼ਾਰਿਆਂ ਉਪਰ ਨੱਚ ਰਹੇ ਹਨ। ਇਸ ਦਾ ਕਾਰਨ ਪੀ. ਡੀ.ਪੀ ਏ ਦੇ ਇਸਲਾਮ ਵਿਰੋਧੀ ਹੋਣ ਦੇ ਉਹਨਾਂ ਦੇ ਧੂੰਆਧਾਰ ਪ੍ਰਚਾਰ ਦੇ ਥੋੜੇ-ਬਹੁਤ ਅਸਰ ਦਾ ਸੀ। ਪਰ ਹੁਣ ਇਸ ਸੁਆਲ ਤੇ ਨਜ਼ੀਬ ਸਰਕਾਰ ਵਲੋਂ ਦੋ-ਟੁੱਕ ਰੁਖ ਅਪਨਾਏ ਜ਼ਾਣ ਮਗਰੋਂ ਇਸ ਪ੍ਰਚਾਰ ਦਾ ਕੋਈ ਅਸਰ ਨਹੀਂ ਰਹਿ ਗਿਆ ਹੈ। ਇਸ ਦੇ ਉਲਟ ਲੋਕ ਦੇਖ ਰਹੇ ਹਨ ਕਿ ਕਿਸ ਤਰਾਂ ਪੀ. ਡੀ. ਪੀ. ਏ, ਸਰਕਾਰ ਖੂੰਨ ਖਰਾਬਾ ਰੁਕਵਾਉਣ ਲਈ ਕੌਮੀ ਰਜ਼ੀਨਾਮੇ ਦੇ ਸਮਝੌਤੇ ਦੀਆਂ ਨੀਤੀਆਂ ਨੂੰ ਇਮਾਨਦਾਰੀ ਨਾਲ ਲਾਗੂ ਕਰ ਰਹੀ ਹੈ, ਜਦੋਂ ਕਿ ਦੂਜੇ ਪਾਸੇ ਵਿਦਰੋਹੀ ਰਾਕਟਾਂ ਨਾਲ ਸ਼ਹਿਰਾਂ ਉਪਰ ਅੰਨੇਵਾਹ ਬੰਬਾਰੀ ਕਰਕੇ ਬੇਦੋਸ਼ੇ ਲੋਕਾਂ ਨੂੰ ਮਾਰ ਰਹੇ ਹਨ।

## ਇਨਕਲਾਬੀ ਤਾਕਤਾਂ ਦੇ ਬੁਲੰਦ ਹੌਸਲੇ

ਇਸ ਸਭ ਦੇ ਚਲਦੇ ਆਮਅਫਗਾਨ ਸ਼ਹਿਰੀ ਬੜੇ ਉਤਸ਼ਾਹ ਨਾਲ ਆਪਣੇ ਇਨਕਲਾਬ ਦੀ ਰਾਖੀ ਲਈ ਅੱਗੇ ਆ ਰਹੇ ਹਨ। ਅਫਗਾਨ ਇਨਕਲਾਬ ਦੇ ਹਥਿਆਰਬੰਦ ਗਾਰਡਾਂ ਦੀ ਗਿਣਤੀ ਹੁਣ 5 ਲੱਖ ਦੇ ਕਰੀਬ ਹੋ ਗਈ ਹੈ। ਇਹਨਾਂ ਵਿਚ ਵੱਖ-ਵੱਖ ਇਲਾਕਿਆਂ ਵਿਚ ਜਥੇਬੰਦ ਕੀਤੇ ਗਏ ਆਪਣੀ ਰਾਖੀ ਖੁਦ ਕਰਨ ਵਾਲੇ ਦਸਤੇ ਵੀ ਸ਼ਾਮਲ ਹਨ, ਜਿਹਨਾਂ ਵਿਚ ਲਗਪਗ 1 ਲੱਖ 38 ਹਜ਼ਾਰ ਹਥਿਆਰਬੰਦ ਲੋਕ ਜਥੇਬੰਦ ਹਨ। ਪੀ, ਡੀ. ਪੀ ਏ ਦੇ ਮੈਂਬਰਾਂ ਵਿਚੋਂ 62 ਫੀਸਦੀ ਫੌਜ ਅਤੇ ਇਹਨਾਂ ਹਥਿਆਰਬੰਦ ਆਪਣੀ


VINYL SIDING

PAL VINYL
INSTALLATION COMPANY



.VINYL SIDINGS,SOFFITS & GUTTERS
.FAST FRIENDLY & ROYAL SERVICE ASSURED
.FREE ESTIMATES.

ਵਾਈਨਲ ਸਾਈਡਿੰਗ,ਸੋਫਿਟਸ ਤੇ ਗਟਰਾਂ ਦਾ ਕੰਮ ਹੋਵੇ ਤਾਂ ਹਮੇਸ਼ਾਂ ਭਰੋਸੇਯੋਗ ਫਾਸਟ ਤੇ ਦੋਸਤਾਨਾ ਸਰਵਿਸ ਲਈ ਪਾਲ ਸਹੋਤਾ ਨੂੰ ਸੇਵਾ ਦਾ ਮੌਕਾ ਦਿਓ।ਵਾਜ਼ਬ ਕੀਮਤ ਤੇ ਤਸੱਲੀਬਖਸ਼ ਸਰਵਿਸ ਸਾਡੀ ਵਿਸ਼ੇਸ਼ਤਾ ਹੈ।

*For More Information*

*PAL SAHOTA PH.(604)581-4212*

ਰਾਖੀ ਖੁਦ ਕਰਨ ਵਾਲੇ ਦਸਤਿਆਂ ਵਿਚ ਹੀ ਹਨ। ਇਸ ਤੋਂ ਇਲਾਵਾ ਸੋਵੀਅਤ ਫੌਜਾਂ ਦੀ ਵਾਪਸੀ ਮਗਰੋਂ 32000 ਪਾਰਟੀ ਮੈਂਬਰਾਂ ਨੂੰ ਸਿਖਲਾਈ ਦੇ ਕੇ ਹਥਿਆਰਬੰਦ ਕੀਤਾ ਗਿਆ ਹੈ। ਪੀ. ਡੀ. ਪੀ. ਏ ਨੇ ਜੋ ਅੱਜ ਪਹਿਲਾਂ ਦੇ ਕਿਸੇ ਵੀ ਸਮੇਂ ਦੇ ਮੁਕਾਬਲੇ ਕਿਤੇ ਵਧ ਇਕਮੁਠ ਹੈ, ਫੌਜ ਅਤੇ ਪ੍ਰਸਾਸ਼ਨਿਕ ਮਸ਼ੀਨਰੀ ਉਪਰ ਮੁਕੰਮਲ ਕੰਟਰੋਲ ਪ੍ਰਾਪਤ ਕਰ ਲਿਆ ਹੈ। ਹੋਰ ਦੇਸ਼ ਭਗਤ ਤਾਕਤਾਂ ਦੇ ਨਾਲ ਮਿਲਕੇ ਉਸਨੇ ਕਾਬੁਲ ਦੀਆਂ ਸਾਰੀਆਂ ਬਸਤੀਆਂ ਵਿਚ ਸ਼ਹਿਰੀ ਕਮੇਟੀਆਂ ਕਾਇਮ ਕੀਤੀਆਂ ਹਨ, ਜਿਹਨਾਂ ਨੂੰ ਲੋੜੀਂਦੇ ਹਥਿਆਰ ਮੁਹਈਆ ਕਰਵਾਏ ਗਏ ਹਨ। ਪਾਰਟੀ ਬਰਾਂਚਾਂ ਵਿਚ ਜਥੇਬੰਦ ਪਾਰਟੀ ਮੈਂਬਰਾਂ ਨੂੰ ਠੋਸ ਜ਼ੁੰਮੇਂਵਾਰੀਆਂ ਸੌਂਪੀਆਂ ਗਈਆਂ ਹਨ ਅਤੇ ਕੰਮ ਦਿਤੇ ਗਏ ਹਨ।

ਸ਼ੁਰੂ ਵਿਚ ਵਿਦਰੋਹੀਆਂ ਦੀ ਪਲੈਂ-ਨਿੰਗ ਪਹਿਲਾਂ ਜਲਾਲਾਬਾਦ ਉਪਰ ਕਬਜ਼ਾ ਕਰਨ ਅਤੇ ਉਸ ਮਗਰੋਂ ਕਾਬੁਲ ਵੱਲ ਨੂੰ ਵਧਣ ਦੀ ਸੀ ਪਰ ਉਹਨਾਂ ਦੇ ਇਹ ਮਨ-ਸੂਬੇ ਤਾਂ ਪੂਰੇ ਨਹੀਂ ਹੋਏ ਜਿਸ ਮਗਰੋਂ ਉਹਨਾਂ ਨੇ ਮੁੱਖ ਸੜਕਾਂ ਤੋਂ ਆਵਾਜਾਈ ਦੇ ਹੋਰ ਰਾਹ ਬੰਦ ਕਰਨ ਦੀਆਂ ਸਿਰਤੋੜ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ ਤਾਂਕਿ ਰਾਜ-ਧਾਨੀ ਦੀ ਨਾਕੇਬੰਦੀ ਕਰਕੇ ਉਥੋਂ ਤਕ ਖਾਣ ਪੀਣ ਦਾ ਸਮਾਨ ਪੁਜਣਾ ਬੰਦ ਕੀਤਾ ਜਾ ਸਕੇ।

ਕੌਮਾਂਤਰੀ ਸਾਮਰਾਜਵਾਦੀਆਂ ਦੀਆਂ ਚਾਲਾਂ ਦੇ ਚਲਦੇ ਹੋਏ ਕਾਬਲ ਦੇ ਸ਼ਹਿ-ਰੀਆਂ ਲਈ ਸੰਯੁਕਤ ਰਾਸ਼ਟਰ ਵਲੋਂ ਇਕੱਠੀ ਕੀਤੀ ਗਈ ਖੁਰਾਕ ਦੀ ਸਪਲਾਈ ਤਕ ਵਿਚ ਵੀ ਦੇਰ ਹੁੰਦੀ ਰਹੀ ਹੈ। ਖੈਰ, ਹੁਣ ਕੁਝ ਦਿਨਾਂ ਤੋਂ ਉਥੇ ਕੁਝ ਸਪਲਾਈ ਪੁਜਣ ਲਗੀ ਹੈ। ਇਸੇ ਦੌਰਾਨ ਜ਼ਰੂਰੀ ਰਾਹਤ ਸਮਗਰੀ ਲੈਕੇ ਸੋਵੀਅਤ ਹਵਾਈ ਜਹਾਜ਼ ਬਰਾਬਰ ਕਾਬੁਲ ਤਕ ਉਡਾਨਾਂ ਭਰਦੇ ਰਹੇ ਹਨ। ਅਸਲ ਵਿਚ ਪੱਛਮੀ ਪ੍ਰੈਸ ਦੇ ਪ੍ਰਚਾਰ ਦੇ ਉਲਟ, ਕਾਬੁਲ ਵਿਚ ਭੈਅ ਵਰਗੀ ਕੋਈ ਚੀਜ ਨਹੀਂ ਹੈ। ਫੌਜ ਕੋਲ ਕਈ ਮਹੀਨਿਆਂ ਲਈ ਕਾਫੀ ਸਪਲਾਈ ਹੈ। ਰਾਜਧਾਨੀ ਦੇ 3.5 ਲੱਖ ਟੱਬਰਾਂ ਨੂੰ ਸਰਕਾਰੀ ਕੂਪਨ ਮਿਲੇ ਹੋਏ ਹਨ, ਜਿਹਨਾਂ ਤੇ ਹਰ ਪ੍ਰੀਵਾਰ ਨੂੰ ਹਰ ਮਹੀਨੇ 56 ਕਿਲੋ ਆਟਾ 6 ਕਿਲੋ ਤੇਲ ਮੁਫਤ ਦਿਤਾ ਜਾਂਦਾ ਹੈ। ਇਸ ਤੋਂ ਇਲਾਵਾ ਚੀਨੀ, ਚਾਹ ਅਤੇ ਹੋਰ ਜ਼ਰੂਰੀ ਚੀਜ਼ਾਂ ਵੀ ਘਟੇ ਹੋਏ ਰੇਟਾਂ ਉਪਰ ਦਿਤੀਆਂ ਜਾ ਰਹੀਆਂ ਹਨ।

ਜਲਾਲਾਬਾਦ ਉਪਰ ਹਮਲਿਆਂ ਦੀ ਅਸਫਲਤਾ ਅਤੇ ਕਾਬੁਲ ਦੁਆਲੇ ਘੇਰਾ ਪਾਉਣ ਦੀ ਅਸਫਲਤਾ ਤੋਂ ਪੈਦਾ ਹੋਈ ਨਿਰਾਸ਼ਾ, ਵਿਦਰੋਹੀ ਤਾਕਤ ਵਿਚ ਵਧ ਰਹੇ ਝਗੜਿਆਂ ਦੇ ਰੂਪ ਵਿਚ ਵੀ ਜਾਹਰ ਹੋ ਰਹੀ ਹੈ। ਵਿਦਰੋਹੀ ਗਿਰੋਹ ਪਹਿਲਾਂ ਤੋਂ ਹੀ ਆਪਸ ਵਿਚ ਬੁਰੀ ਤਰਾਂ ਵੰਡੇ ਹੋਏ ਸਨ। ਪਰ ਉਹਨਾਂ ਨੂੰ ਤਾਂ ਸੋਵੀਅਤ ਫੌਜਾਂ ਦੀ ਵਾਪਸੀ ਮਗਰੋਂ ਅਸਾਨੀ ਨਾਲ ਜਿੱਤ ਦਿਖਾਈ ਦੇ ਰਹੀ ਸੀ। ਸਪਸ਼ਟ ਹੈ ਕਿ ਇਸ ਆਸ ਨਾਲ ਜੋ ਏਕਤਾ ਉਸਰੀ ਵੀ ਸੀ, ਉਸ ਵਿਚ ਵੀ ਇਹਨਾਂ ਹਾਰਾਂ ਨੇ ਤੇੜਾਂ ਪਾ ਦਿਤੀਆਂ ਹਨ ਅਤੇ ਪੁਰਾਣੇ ਝਗੜੇ ਅਤੇ ਮਤਭੇਦ ਫਿਰ ਤੋਂ ਉਠਦੇ ਜਾ ਰਹੇ ਹਨ। ਪਾਕਿਸਤਾਨ ਦੀ ਹਿਮਾਇਤ ਪ੍ਰਾਪਤ 7 ਗਿਰੋਹਾਂ ਦੇ ਮੋਰਚੇ ਦੀ ਅਗਵਾਈ ਗੁੱਲ-ਬਾਦੀਨ ਹਿੱਕਮਤਯਾਰ ਅਤੇ ਮੌਲਵੀ ਖਾਲਿਸ ਦੇ ਰੂੜੀਵਾਦੀ ਗਿਰੋਹਾਂ ਦੇ ਹੱਥਾਂ ਵਿਚ ਹੈ। ਜਹੀਦ ਸ਼ਾਹ ਸਮਰਥਕ ਧੜਿਆਂ ਦਾ ਆਗੂ ਗਿਲਾਨੀ ਹੈ, ਜਦੋਂ ਕਿ ਅੱਠ ਪਾਰਟੀਆਂ ਦੇ ਗਠਜੋੜ ਨੂੰ ਤਹਿਰਾਨ ਦੀ ਹਿਮਾਇਤ ਹਾਸਲ ਹੈ। ਇਸ ਦੌਰਾਨ ਵਿਦਰੋਹੀ ਧੜਿਆਂ ਵਿਚ ਏਕਤਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ ਹਨ, ਜੋ ਕਾਫੀ ਹੱਦ ਤਕ ਅਸਫਲ ਹੀ ਰਹੀਆਂ ਹਨ। ਫਿਰ ਵੀ ਇਹਨਾਂ ਧੜਿਆਂ ਵਿਚਕਾਰ ਏਕਤਾ ਦੀਆਂ ਸੰਭਾਵਨਾਵਾਂ ਤਾਂ ਫੌਰਨ ਸੱਤਾ ਵਿਚ ਆ ਜਾਣ ਦੀਆਂ ਉਮੀਦਾਂ ਉਪਰ ਹੀ ਟਿਕੀਆਂ ਰਹੀਆਂ ਹਨ। ਹੁਣ ਜਦੋਂ ਇਹ ਹੁੰਦਾ ਨਜ਼ਰ ਨਹੀਂ ਆ ਰਿਹਾ, ਇਹਨਾਂ ਧੜਿਆਂ ਵਿਚ ਮਤਭੇਦ ਹੋਰ ਵੀ ਵਧ ਜਾਣ ਵਾਲੇ ਹਨ, ਜਿਸ ਨਾਲ ਉਹਨਾਂ ਦੀ ਅਸਰਦਾਇਕ ਹਮਲਾਵਰ ਤਾਕਤ ਹੋਰ ਵੀ ਘਟਣ ਵਾਲੀ ਹੈ।

## ਅਫਗਾਨ ਲੋਕਾਂ ਦੀ ਜਿੱਤ ਹੋਵੇਗੀ

ਬਹਰਹਾਲ, ਅਮਰੀਕੀ ਸਾਮਰਾਜ-ਵਾਦੀ ਅਤੇ ਉਹਨਾਂ ਦੇ ਪਿੱਠੂ ਜਿਸ ਹਕਾ-ਰਤ ਨਾਲ ਜਨੇਵਾ ਸਮਝੌਤੇ ਦੀ ਉਲੰਘਣਾ ਕਰ ਰਹੇ ਹਨ ਅਤੇ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਸਿੱਧਾ ਦਖਲ ਦੇ ਰਹੇ ਹਨ, ਉਸ ਦੀ ਦੁਨੀਆਂ ਦੀਆਂ ਤਮਾਮ ਅਮਨ ਪਸੰਦ ਅਤੇ ਜਮਹੂਰੀ ਤਾਕਤਾਂ ਨੂੰ ਦੋ-ਟੁੱਕ ਸ਼ਬਦਾਂ ਵਿਚ ਨਖੇਧੀ ਕਰਨੀ ਚਾਹੀਦੀ ਹੈ। ਵਿਦਰੋਹੀਆਂ ਦੇ ਹਮਲਿਆਂ ਵਿਚ ਪਾਕਿਸਤਾਨੀ ਫੌਜੀਆਂ ਦੀ ਸਿੱਧੀ ਹਿੱਸੇਦਾਰੀ ਨੂੰ ਦੇਖ ਕੇ, ਸੋਵੀਅਤ ਰਾਜਦੂਤ ਦਾ ਇਹ ਐਲਾਨ ਕਰਨਾ ਜਾਇਜ਼ ਹੀ ਸੀ ਕਿ ਜੇ ਪਾਕਿਸਤਾਨ ਜਾ ਕਿਸੇ ਦੂਸਰੀ ਫੌਜ ਨੇ ਸਿੱਧੇ ਤੌਰ 'ਤੇ ਦਖਲਅੰਦਾਜ਼ੀ ਕੀਤੀ ਤਾਂ ਸੋਵੀਅਤ ਯੂਨੀਅਨ ਦੀ ਜਨੇਵਾ ਸਮਝੌਤੇ ਦੇ ਆਪਣੇ ਵਾਦਿਆਂ ਉਪਰ ਫਿਰ ਤੋਂ ਵਿਚਾਰ ਕਰੇਗਾ। ਉਹਨਾਂ ਨੇ ਸੰਕੇਤ ਦਿਤਾ ਕਿ ਐਸੀ ਹਾਲਤ ਵਿਚ ਸੋਵੀਅਤ ਫੌਜਾਂ ਦੁਬਾਰਾ ਵੀ ਅਫਗਾਨਿਸਤਾਨ ਜਾ ਸਕਦੀਆਂ ਹਨ।

ਅਫਗਾਨ ਜਨਤਾ ਨੇ ਆਪਣੇ ਬਹਾਦਰਾਨਾ ਪ੍ਰਤੀਰੋਧ ਰਾਹੀਂ ਸਾਰੀ ਦੁਨੀਆਂ ਨੂੰ ਦਿਖਾ ਦਿਤਾ ਹੈ ਕਿ ਉਸ ਨੂੰ ਆਪਣੇ ਇਨਕਲਾਬ ਨਾਲ ਪਿਆਰ ਹੈ,

---

(ਸਫਾ 13 ਦੀ ਬਾਕੀ)

ਫੜਿਆ ਗਿਆ ਸੀ। ਉਸ ਦੇ ਗਿਰੋਹ ਬਾਰੇ ਅਖਬਾਰਾਂ ਵਿਚ ਲੰਮੇ ਚੌੜੇ ਦਾਅਵੇ ਹੋਏ ਪਰ ਕਮਲਜੀਤ ਦੀ ਪਹੁੰਚ ਕਿਉਂਕਿ ਬਹੁਤ ਉਪਰ ਤਕ ਸੀ ਇਸ ਲਈ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਉੱਚ ਪੁਲਸ ਅਧਿਕਾਰੀ ਇਹ ਸਵੀਕਾਰ ਕਰਦੇ ਹਨ ਕਿ ਅਕਸਰ ਉੱਚ ਦਰਜੇ ਦੀਆਂ ਕਾਲ ਗਰਲਜ਼ ਸਪਲਾਈ ਕਰਨ ਵਾਲਿਆਂ ਦੇ ਦੇਸ਼ ਦੇ ਵੱਡੇ ਵੱਡੇ ਨੇਤਾਵਾਂ ਨਾਲ ਡੂੰਘੇ ਸੰਬੰਧ ਹੁੰਦੇ ਹਨ। ਇਸ ਲਈ ਉਹਨਾਂ ਦੇ ਵਿਰੁੱਧ ਕਾਰਵਾਈ ਕਰਨਾ ਕਾਫੀ ਮੁਸ਼ਕਲ ਹੁੰਦਾ ਹੈ। ਅਦਾਲਤਾਂ ਵੀ ਅਜਿਹੇ ਮਾਮ-ਲਿਆਂ ਵਿਚ ਨਰਮ ਰੁਖ ਅਪਨਾਉਂਦੀਆਂ ਹਨ ਅਤੇ ਮਾਮੂਲੀ ਜੁਰਮਾਨਾ ਕਰ ਕੇ ਹੀ ਦੋਸ਼ੀਆਂ ਨੂੰ ਛੱਡ ਦੇਂਦੀਆਂ ਹਨ। ਇਸ ਲਈ ਪੁਲਸ ਅਤੇ ਕਾਨੂੰਨ ਇਹਨਾਂ ਵੱਡੇ ਦਲਾਲਾਂ ਨੂੰ ਹੱਥ ਪਾਉਣ ਵਿਚ ਅਸਮਰਥ ਹਨ। ਖਾਨਾਪੂਰੀ ਕਰਨ ਲਈ, ਜੋ ਵੇਸ-ਵਾਵਾਂ ਪੁਲਸ ਫੜਨ ਦਾ ਦਾਅਵਾ ਕਰਦੀ ਹੈ, ਉਹਨਾਂ ਵਿਚੋਂ 99 ਪ੍ਰਤੀਸ਼ਤ ਗਰੀਬ ਔਰਤਾਂ ਹੁੰਦੀਆਂ ਹਨ ਜੋ ਕਿ ਪੇਟ ਦੀ ਅੱਗ ਤੋਂ ਮਜ਼ਬੂਰ ਹੋ ਕੇ ਇਹ ਧੰਦਾ ਕਰਦੀਆਂ ਹਨ। ਪੁਲਸ ਉਹਨਾਂ ਨੂੰ ਫੜ ਲੈਂਦੀ ਹੈ ਕਿਉਂਕਿ ਉਸ ਨੂੰ ਮਹੀਨਾ ਮਿਲਣਾ ਬੰਦ ਹੋ ਜਾਦਾ ਹੈ। ਸੰਸਦੀ ਮੈਂਬਰਾਂ ਦੇ ਸਰਕਾਰੀ ਬੰਗਲਿਆਂ ਅਤੇ ਫਲੈਟਾਂ ਵਿਚ ਹਰ ਤਰਾਂ ਦੇ ਕਾਲੇ ਧੰਦੇ ਹੁੰਦੇ ਹਨ। ਪੁਲਸ ਵਾਲੇ ਜਾਣ ਕੇ ਵੀ ਅਨਜਾਣ ਬਣੇ ਰਹਿੰਦੇ ਹਨ।

ਦਿੱਲੀ ਦੇ ਸਿਆਸੀ ਖੇਤਰਾਂ ਵਿਚ ਅਜਿਹੇ ਵੱਖ ਵੱਖ ਚਰਚਿਤ ਨਾਂ ਹਨ, ਜੋ ਕਿ ਨੇਤਾਵਾਂ ਦੀ ਸੇਵਾ ਦੇ ਕਾਰਨ ਕਰੋੜਾਂ ਵਿਚ ਖੇਡ ਰਹੇ ਹਨ। ਦਰਿਆਗੰਜ ਵਿਚ ਕਦੇ ਇਕ ਲੜਕਾ ਇਕ ਢਾਬੇ ਵਿਚ ਬੇਰਾਗਿਰੀ ਕਰਦਾ ਸੀ। ਅਜ ਉਹ ਕਰੋੜ ਪਤੀ ਹੈ, ਦੇਸ਼ ਦਾ ਕੋਈ ਨੇਤਾ ਨਹੀਂ ਹੈ ਜਿਸ ਤਕ ਉਸ ਦੀ ਪਹੁੰਚ ਨਾ ਹੋਵੇ। ਹੁਣ ਇਹ ਮਾਮੂਲੀ ਵਿਅਕਤੀ ਦੱਸ ਲੱਖ ਰੁਪਏ ਦੀ ਕਾਰ ਵਿਚ ਘੁੰਮਦਾ ਹੈ।

ਇਕ ਸੰਪਰਕ ਮਾਹਿਰ ਕਾਫੀ ਦਿਨਾਂ ਤੋਂ ਪਰੇਸ਼ਾਨ ਸੀ। ਇਕ ਕੰਪਨੀ ਦਾ ਟੈਂਡਰ, ਜਿਸ ਉੱਚ ਅਧਿਕਾਰੀ ਕੋਲ ਫਸਿਆ ਪਿਆ ਸੀ. ਉਸ ਤੇ ਉਸ ਦਾ ਕੋਈ ਦਾਅ ਕਾਰਗਰ ਸਿੱਧ ਨਹੀਂ ਹੋ ਰਿਹਾ ਸੀ। ਇਕ ਦਿਨ ਉਸ ਨੂੰ ਸਾਹਿਬ ਦੇ ਚਪੜਾਸੀ ਤੋਂ ਪਤਾ ਲੱਗਾ ਕਿ ਇਹ ਉੱਚ ਅਧਿਕਾਰੀ ਵਿਦੇਸ਼ੀ ਡਾਇਰੀਆਂ ਅਤੇ ਕਲੈਂਡਰਾਂ ਦਾ ਸ਼ੌਕੀਨ ਹੈ। ਉਸ ਨੇ ਕਿਤੋਂ ਵਿਦੇਸੀ ਡਾਇਰੀ ਅਤੇ ਕਲੈਂਡਰ ਦੀ ਵਿਵਸਥਾ ਕਰ ਕੇ ਉਸ ਨੂੰ ਇਸ ਅਧਿ-ਕਾਰੀ ਨੂੰ ਪੇਸ਼ ਕਰ ਦਿੱਤਾ। ਅਗਲੇ ਹੀ ਦਿਨ ਉਸ ਦਾ ਟੈਂਡਰ ਪਾਸ ਹੋ ਗਿਆ। ਇਸ ਸੌਦੇ ਨਾਲ ਉਸ ਨੂੰ ਇਕ ਲੱਖ ਰੁਪਏ ਦਾ ਕਮਿਸ਼ਨ ਮਿਲ ਗਿਆ।

(ਬਾਕੀ ਸਫਾ 7 ਤੇ)

# ਕੇਵਲ ਪੁਲਸ ਵਧੀਕੀਆਂ......?

ਪੰਜਬ ਦੇ ਸਬੰਧ ਵਿਚ ਬਹੁਤ ਸਾਰੀਆਂ ਜਥੇਬੰਦੀਆਂ, ਸੰਸਥਾਵਾਂ (ਜੋ ਕਿ ਵਧੇਰੇ ਕਰਕੇ ਮਨੁਖੀ ਅਧਿਕਾਰਾਂ ਜਾਂ ਏਸੇ ਚੌਖਟੇ ਵਿਚ ਆਉਣ ਵਾਲੇ ਹੋਰ ਨਾਵਾਂ ਵਾਲੀਆਂ ਹਨ) ਵਧੇਰੇ ਕਰਕੇ ਪੁਲਸ ਵਧੀਕੀਆਂ ਦੀਆਂ ਗੱਲਾਂ ਹੀ ਕਰਦੀਆਂ ਹਨ। ਅਕਾਲੀਆਂ ਦੇ ਕੁਝ ਧੜੇ ਵੀ ਪੰਜਾਬ ਬਾਰੇ ਟਿਪਣੀ ਕਰਨ ਸਮੇਂ ਜਾਂ ਤਾਂ ਕੇਂਦਰੀ ਸਰਕਾਰ ਦੀ ਝਾੜ ਝੰਬ ਕਰਦੇ ਹਨ ਤੇ ਜਾਂ ਫੇਰ ਪੁਲਸ ਅਤੇ ਨੀਮ ਫੌਜੀ ਦਸਤਿਆਂ ਦਵਾਲੇ ਤਵਾ ਲਾਉਂਦੇ ਹਨ ਕਿ ਇਹਨਾਂ ਤੋਂ ਲੋਕ ਬਹੁਤ ਦੁਖੀ ਹਨ ਅਤੇ ਕਿ ਬੇਗੁਨਾਹ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ।

ਜਦੋਂ ਕੁਝ ਇਨਾਮੀ ਅੱਤਵਾਦੀ ਪੁਲਸ ਮੁਕਾਬਲਿਆਂ ਵਿਚ ਮਾਰੇ ਜਾਂਦੇ ਹਨ ਤਾਂ ਸਿਖ ਸਟੂਡੈਂਟ ਫੈਡਰੇਸ਼ਨਾਂ ਅਤੇ ਕੁਝ ਹੋਰ ਅੱਤਵਾਦੀ ਜਥੇਬੰਦੀਆਂ ਵਲੋਂ ਬਿਆਨ ਛੱਡੇ ਜਾਂਦੇ ਹਨ ਕਿ "ਫਲਾਣੇ ਅੱਤਵਾਦੀ ਨੂੰ ਫਲਾਣੇ ਥਾਂ ਤੋਂ ਫੜਕੇ ਫਲਾਣੇ ਥਾਂ ਉੱਤੇ ਗੋਲੀ ਮਾਰੀ ਗਈ ਅਤੇ ਕਿ ਮਾਰਨ ਵਾਲੇ ਪੁਲਸੀਆਂ ਤੇ ਟਾਊਟਾਂ ਨੂੰ ਬਖਸਿਆ ਨਹੀਂ ਜਾਵੇਗਾ।"

ਪੁਲਸ ਤੇ ਨੀਮ-ਫੌਜੀ ਦਸਤਿਆਂ ਵਲੋਂ ਜਿਹੜੇ ਵੀ ਇਨਾਮੀ ਅੱਤਵਾਦੀ ਮਾਰੇ ਜਾਂਦੇ ਹਨ ਉਹ ਪੁਲਸ ਨੂੰ ਦਰਜਨਾ ਹੀ ਕਤਲਾਂ ਵਿਚ ਲੋੜੀਂਦੇ ਹੀ ਨਹੀਂ ਹੁੰਦੇ ਸਗੋਂ ਉਹਨਾਂ ਪਾਸੋਂ ਏ. ਕੇ.-47 ਰਾਈਫਲਾਂ ਅਤੇ ਹੋਰ ਬਦੇਸ਼ੀ ਅਸਲਾ ਵੀ ਪ੍ਰਾਪਤ ਹੁੰਦਾ ਹੈ। ਏਹੋ ਹੀ ਨਹੀਂ ਬਹੁਤ ਸਾਰੇ ਅਜਿਹੇ ਮੁਕਾਬਲਿਆਂ ਵਿਚ ਪੁਲਸ ਅਤੇ ਨੀਮ-ਫੌਜੀ ਦਸਤਿਆਂ ਦਾ ਵੀ ਨੁਕਸਾਨ ਹੁੰਦਾ ਹੈ। ਇਸ ਸਬੰਧ ਵਿਚ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਤਾਜ਼ਾ ਮਿਸਾਲ ਅੱਜ ਦੇ ਅਖਬਾਰਾਂ ਵਿਚ ਜ਼ਿਲ੍ਹਾ ਗੁਰਦਾਸਪੁਰ ਵਿਚ ਪੁਲਸ ਮੁਕਾਬਲੇ ਵਿਚ ਮਾਰੇ ਗਏ ਖ਼ੂੰਖਾਰ ਅੱਤਵਾਦੀ ਸ਼ੋਹਨਜੀਤ ਸਿੰਘ ਦੀ ਹੈ।

ਮਾਰੇ ਗਏ ਇਸ ਅੱਤਵਾਦੀ ਦੀ ਪਛਾਣ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੇ ਏਰੀਆ ਕਮਾਂਡਰ ਸੋਹਨਜੀਤ ਸਿੰਘ ਵਜੋਂ ਕਰ ਲਈ ਗਈ ਹੈ।

ਮਾਰਿਆ ਗਿਆ ਇਹ ਖ਼ੂੰਖਾਰ ਅੱਤਵਾਦੀ ਬਲਿਊਸਟਾਰ ਉਪਰੇਸ਼ਨ ਪਿਛੋਂ ਪਾਕਿਸਤਾਨ ਭੱਜ ਗਿਆ ਸੀ। ਓਥੋਂ ਉਹ ਬੰਬ ਬਨਾਉਣ ਦੀ ਟਰੇਨਿੰਗ ਹਾਸਲ ਕਰਕੇ ਦੋ ਸਾਲ ਬਾਅਦ ਪਰਤਿਆ। ਭਾਰਤ ਵਿਚ ਆਕੇ ਇਸ ਅੱਤਵਾਦੀ ਨੇ ਆਤਮ ਸੰਮਰਪਣ ਕਰ ਦਿੱਤਾ ਸੀ। ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸਮੇਂ ਇਸ ਨੂੰ ਸੂਗਰ ਮਿਲ ਪਨਿਆੜ ਵਿਚ ਨੌਕਰੀ ਮਿਲ ਗਈ ਸੀ।

ਪੁਲਸ ਮੁਖੀ ਨੇ ਇਹ ਵੀ ਦਸਿਆ ਕਿ ਇਸ ਅੱਤਵਾਦੀ ਨੇ ਦੀਨਾ ਨਗਰ, ਪਠਾਨਕੋਟ ਅਤੇ ਹਿਮਾਚਲ ਜੰਮੂ ਨੂੰ ਜਾਣ ਵਾਲੀਆਂ ਬੱਸਾਂ ਵਿਚ ਬੰਬ ਧਮਾਕੇ ਕੀਤੇ ਸਨ।

ਜਿਹੜੇ ਵੀ ਅੱਤਵਾਦੀ ਪੁਲਸ ਮੁਕਾਬਲਿਆਂ ਵਿਚ ਮਾਰੇ ਜਾਂਦੇ ਹਨ ਉਹ ਕਿਸੇ ਤਰਾਂ ਵੀ ਸਾਧਾਰਨ ਵਿਅਕਤੀ ਨਹੀਂ ਹੁੰਦੇ ਸਗੋਂ ਉਹ ਪੁਲਸ ਨੂੰ ਦਰਜਨਾ ਹੀ ਕਤਲ ਦੇ ਕੇਸਾਂ ਵਿਚ ਲੋੜੀਂਦੇ ਹੁੰਦੇ ਹਨ ਅਤੇ ਨਜਾਇਜ਼ ਨਵੀਨ ਹਥਿਆਰਾਂ ਨਾਲ ਲੈਸ ਹੁੰਦੇ ਹਨ।

ਏਸੇ ਹੀ ਤਰਾਂ ਦੇ ਖ਼ੂੰਖਾਰ ਅੱਤਵਾਦੀਆਂ ਵਲੋਂ ਜਿਹੜੇ ਕਿ ਏ.ਕੇ-47 ਰਾਈਫਲਾਂ ਅਤੇ ਹੋਰ ਮਾਰੂ ਹਥਿਆਰ ਲਈ ਫਿਰਦੇ ਹਨ ਪੰਜਾਬ ਅੰਦਰ ਬੇਗੁਨਾਹ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ, ਬਾਜ਼ਾਰਾਂ ਵਿਚ ਆਪਣੇ ਕੰਮੀ ਲੱਗੇ ਲੋਕਾਂ ਉਤੇ ਗੋਲੀਆਂ ਦੀ ਬੁਛਾੜ ਕੀਤੀ ਜਾਂਦੀ ਹੈ, ਆਮ ਪਬਲਿਕ ਥਾਵਾਂ ਉਤੇ ਹੱਸ-ਖੇਡ ਰਹੇ ਲੋਕਾਂ ਵਿਚ ਬੰਬ ਧਮਾਕੇ ਕਰਕੇ ਦਹਿਸ਼ਤ ਪਾਈ ਜਾਂਦੀ ਹੈ, ਬੇਕਸੂਰੇ ਲੋਕ ਮਾਰੇ ਤੇ ਜ਼ਖਮੀ ਕੀਤੇ ਜਾਂਦੇ ਹਨ।

ਏਸੇ ਹੀ ਕਿਸਮ ਦੇ ਅੱਤਵਾਦੀਆਂ ਵਲੋਂ ਚਲਦੀਆਂ ਬੱਸਾਂ ਵਿਚ ਬੰਬ ਧਮਾਕੇ ਕੀਤੇ ਜਾਂਦੇ ਹਨ ਅਤੇ ਲਹੂ ਦੇ ਪਰਨਾਲੇ ਵਗਾਏ ਜਾਂਦੇ ਹਨ।

ਏਸੇ ਹੀ ਕਿਸਮ ਦੇ ਅੱਤਵਾਦੀ ਲੋਕ ਹੁੰਦੇ ਜਿਹੜੇ ਕਿ ਰਾਤ ਸਮੇਂ ਘਰਾਂ ਵਿਚ ਘੂਕ ਸੁੱਤੇ ਪਰਵਾਰਾਂ ਨੂੰ ਉਠਾਕੇ ਇਕ ਲਾਈਨ ਵਿਚ ਖੜੇ ਕਰਕੇ ਗੋਲੀਆਂ ਦਾ ਮੀਂਹ ਵਰ੍ਹਾ ਦੇਂਦੇ ਹਨ।

ਇਹਨਾਂ ਹਤਿਆਰਿਆਂ ਅਤੇ ਦਰਿੰਦਿਆਂ ਵਲੋਂ ਕੇਵਲ ਬਜ਼ੁਰਗਾਂ ਨੂੰ ਹੀ ਕਤਲ ਨਹੀਂ ਕੀਤਾ ਜਾਂਦਾ, ਕੇਵਲ ਔਰਤਾਂ ਅਤੇ ਬੱਚੀਆਂ ਨੂੰ ਹੀ ਨਿਸ਼ਾਨਾ ਨਹੀਂ ਬਣਾਇਆ ਜਾਂਦਾ ਸਗੋਂ ਬਹੁਤ ਸਾਰੀਆਂ ਵਾਰਦਾਤਾਂ ਵਿਚ ਇਕ ਤੋਂ ਦਸ ਸਾਲ ਦੇ ਬੱਚੇ ਵੀ ਗੋਲੀਆਂ ਨਾਲ ਉਡਾਏ ਗਏ ਹਨ।

ਜੇ ਕੋਈ ਕਸਰ ਬਾਕੀ ਹੈ ਵੀ ਸੀ ਤਾਂ ਉਹ ਸ੍ਰੀ ਦਰਬਾਰ ਸਾਹਿਬ ਅੰਦਰ ਹੋਈ ਕਾਲੀਗਰਜ਼ ਕਾਰਵਾਈ ਨੇ ਪੂਰੀ ਕਰ ਦਿੱਤੀ। ਇਹਨਾਂ ਦੇ ਹਰ ਤਰਾਂ ਦੇ ਗੁਨਾਂਹ ਨੰਗੇ ਹੋ ਗਏ। ਇਹਨਾਂ ਦਾ ਘਿਨਾਉਣਾ ਚਿਹਰਾ ਖੁਲ੍ਹਕੇ ਲੋਕਾਂ ਸਾਹਮਣੇ ਆ ਗਿਆ।

ਆਖਰ ਕੀ ਕਾਰਨ ਹੈ ਕਿ ਪੰਜਾਬ ਅੰਦਰ ਪੁਲਸ ਵਧੀਕੀਆਂ ਤੇ ਜਾਅਲੀ ਪੁਲਸ ਮੁਕਾਬਲਿਆਂ ਦੀ ਦੁਹਾਈਦੇਣ ਵਾਲੀਆਂ ਵੱਖ ਵੱਖ ਜਥੇਬੰਦੀਆਂ ਅੱਤਵਾਦੀਆਂ ਦੇ ਇਹਨਾਂ ਵਹਿਸ਼ੀ ਕਾਰਿਆਂ ਅਤੇ ਦਰਿੰਦਗੀ ਬਾਰੇ ਬਿਲਕੁਲ ਹੀ ਚੁਪ ਹਨ। ਅਜਿਹੀ ਚੁਪ ਧਾਰਕੇ ਇਹਨਾਂ ਵਲੋਂ ਕੀ ਇਸ ਗੁਨਾਹ, ਇਸ ਵਹਿਸ਼ਤ, ਇਸ ਦਰਿੰਦਗੀ ਦਾ ਪੱਖ ਨਹੀਂ ਲਿਆ ਜਾ ਰਿਹਾ?

ਪੰਜਾਬ ਅੰਦਰ ਜਿਸ ਤਰਾਂ ਦੀ ਅਵਸਥਾ ਪੈਦਾ ਹੋ ਗਈ ਹੈ ਜਿਵੇਂ ਪੁਲਸ ਅੰਦਰ ਕੁਰਪਸ਼ਨ ਸਾਰੀਆਂ ਹੀ ਹੱਦਾਂ ਬੰਨੇ ਟੱਪ ਗਈ ਹੈ ਉਸ ਨੂੰ ਮੁਖ ਰਖਦਿਆਂ ਕੁਝ ਕੁ ਕੇਸ ਅਜਿਹੇ ਵੀ ਹੋ ਸਕਦੇ ਹਨ ਜਿਥੇ ਕਿ ਪੁਲਸ ਨੇ ਵਧੀਕੀਆਂ ਕੀਤੀਆਂ ਹੋਣ ਜਾਂ ਕਿਸੇ ਨਿਰਦੋਸ਼ ਨੌਜਵਾਨ ਨੂੰ ਗਲਤ ਤੌਰ ਤੇ ਸ਼ੱਕ ਦੀ ਬਿਨਾ ਤੇ ਫੜਕੇ ਮਾਰ ਦਿਤਾ ਹੋਵੇ। ਇਸ ਕਿਸਮ ਦੀਆਂ ਵਧੀਕੀਆਂ ਵਿਰੁਧ ਹਰ ਹਾਲਤ ਵਿਚ ਆਵਾਜ਼ ਉਠਾਈ ਜਾਣੀ ਚਾਹੀਦੀ ਹੈ

ਜੇ ਪੰਜਾਬ ਵਿਚ ਇਸ ਕਿਸਮ ਦੀਆਂ ਵਧੀਕੀਆਂ ਹੋਈਆਂ ਹਨ ਜਾਂ ਹੋ ਰਹੀਆਂ ਹਨ ਤਾਂ ਇਹਨਾਂ ਵਿਰੁਧ ਹਰ ਪਾਸੇ ਤੋਂ ਆਵਾਜ਼ ਉਠਣੀ ਚਾਹੀਦੀ ਹੈ ਪਰ ਜਿਹੜੇ ਵਹਿਸ਼ੀ ਕਾਰੇ ਅੱਤਵਾਦੀ ਕਰ ਰਹੇ ਹਨ ਇਹਨਾਂ ਨੂੰ ਕਿਸੇ ਵੀ ਧਿਰ ਵਲੋਂ ਹੱਕੀ ਨਹੀਂ ਠਹਿਰਾਇਆ ਜਾਣਾ ਚਾਹੀਦਾ ਸਗੋਂ ਇਹਨਾਂ ਦੀ ਨਾ ਕੇਵਲ ਸਖਤ ਨਿੰਦਾ ਹੀ ਹੋਣੀ ਜਾਣੀ ਚਾਹੀਦੀ ਹੈ ਸਗੋਂ ਅਜਿਹੇ ਕਾਰੇ ਕਰਨ ਵਾਲਿਆਂ ਨੂੰ ਦੇਸ਼ ਦੇ ਦੁਸ਼ਮਣਾਂ ਵਜੋਂ ਭੰਡਣਾਂ ਚਾਹੀਦਾ ਹੈ।

ਪੁਲਸ ਵਧੀਕੀਆਂ ਦੇ ਇਕੜ-ਦੁਕੜ ਕੇਸਾਂ ਦੇ ਪਰਦੇ ਹੇਠ ਅੱਤਵਾਦੀ ਦਹਿਸ਼ਤ ਤੇ ਦਰਿੰਦਗੀ ਨੂੰ ਹੱਕੀ ਠਹਿਰਾਉਣ ਵਾਲੇ ਕਿੰਨਾਂ ਦਾ ਪੱਖ ਪੂਰ ਰਹੇ ਹਨ?


# ਸਿੰਘ ਫੂਡਜ਼

ਹਰੀਆਂ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖ੍ਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

ਹੋਰ ਜਾਣਕਾਰੀ ਲਈ ਫ਼ੋਨ ਕਰੋ:

ਫ਼ੋਨ : 327-4911

**SINGH FOODS**

6684 ਮੇਨ ਸਟਰੀਟ, (51 ਐਵੇਨਿਊ) ਵੈਨਕੂਵਰ, ਬੀ. ਸੀ.

# ਸੰਪਰਕ ਕਰਿੰਦਿਆਂ ਦੇ ਕਰਿਸ਼ਮੇ

-ਮਨਮੋਹਨ ਸ਼ਰਮਾ

ਦੇਸ਼ ਦੇ ਰਾਜ ਨੇਤਾ ਅਤੇ ਉੱਚ ਅਧਿਕਾਰੀ ਲੋਕ ਅੱਜ ਦਲਾਲਾਂ ਅਰਥਾਤ ਸੰਪਰਕਮੈਨਾਂ ਦੇ ਕਬਜ਼ੇ ਵਿਚ ਹਨ। ਬੀਤੇ ਦੋ ਦਹਾਕਿਆਂ ਵਿਚ ਦੇਸ਼ ਦੀ ਰਾਜਧਾਨੀ ਵਿਚ ਇਕ ਨਵਾਂ ਸ਼ਕਤੀਸ਼ਾਲੀ ਵਰਗ ਉਭਰਿਆ ਹੈ ਜੋ ਕਿ ਹਰ ਔਖੇ ਅਤੇ ਅਸੰਭਵ ਕੰਮ ਨੂੰ ਚੁਟਕੀ ਵਜਾਉਂਦੇ ਹੀ ਕਰਵਾ ਲੈਣ ਵਿਚ ਸਮਰੱਥ ਹੈ। ਇਸ ਨੂੰ ਸੰਪਰਕ ਅਧਿਕਾਰੀ ਅਤੇ ਲਿਇਜ਼ਨਮੈਨ ਦਾ ਖੂਬਸੂਰਤ ਨਾ ਦਿਤਾ ਗਿਆ। ਹਾਲਾਂਕਿ ਇਸ ਦਾ ਅਸਲੀ ਕੰਮ ਦਲਾਲੀ ਖਾਕੇ ਤੁਹਾਡਾ ਉਲਝਿਆ ਕੰਮ ਕਰਵਾਉਣਾ ਹੈ। ਬੀਤੇ ਦਿਨੀਂ ਕੁਮਾਰ ਨਰਾਇਣ ਅਤੇ ਰਾਮ ਸਵਰੂਪ ਵਰਗੇ ਲੋਕਾਂ ਦੀ ਗ੍ਰਿਫਤਾਰੀ ਏਥਾਅਦ ਸਰਕਾਰੀ ਖੇਤਰਾਂ ਵਿਚ ਇਨ੍ਹਾਂ ਸੰਪਰਕ ਅਧਿਕਾਰੀਆਂ ਦੀਆਂ ਖਤਰਨਾਕ ਸਰਗਰਮੀਆਂ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਸੀ। ਖੁਫੀਆ ਏਜੰਸੀਆਂ ਨੇ ਇਹ ਸ਼ੰਕਾ ਪ੍ਰਗਟ ਕੀਤੀ ਸੀ ਕਿ ਕਈ ਸੰਪਰਕ ਅਧਿਕਾਰੀ ਵਿਦੇਸ਼ਾਂ ਲਈ ਜਾਸੂਸੀ ਕਰਦੇ ਹਨ। ਸੰਸਦ ਵਿਚ ਵੀ ਇਸ ਵਰਗ ਦੀਆਂ ਖਤਰਨਾਕ ਸਰਗਰਮੀਆਂ 'ਤੇ ਰੋਕ ਲਗਾਉਣ ਦੀ ਜ਼ੋਰਦਾਰ ਮੰਗ ਕੀਤੀ ਗਈ। ਉਸ ਵੇਲੇ ਦੇ ਵਿੱਤ ਮੰਤਰੀ ਸ੍ਰੀ ਐਸ. ਬੀ. ਚਵਾਨ ਨੇ ਇਹ ਭਰੋਸਾ ਦਿਤਾ ਸੀ ਕਿ ਇਹਨਾਂ ਸੰਪਰਕ ਅਧਿਕਾਰੀਆਂ ਦੇ ਸਰਕਾਰੀ ਦਫਤਰਾਂ ਵਿਚ ਦਾਖਲੇ ਤੇ 'ਰੋਕ ਲਗਾਈ ਜਾਵੇਗੀ। ਇਸ ਦੇ ਬਾਅਦ ਗ੍ਰਹਿ ਮੰਤਰਾਲੇ ਨੇ ਸਾਰੇ ਮੰਤਰਾਲਿਆਂ ਨੂੰ ਇਹ ਹਦਾਇਤ ਦਿੱਤੀ ਕਿ ਕਿਸੇ ਵੀ ਦਲਾਲ ਜਾਂ ਸੰਪਰਕ ਅਧਿਕਾਰੀ ਨੂੰ ਸਰਕਾਰੀ ਦਫਤਰਾਂ ਵਿਚ ਪ੍ਰਵੇਸ਼ ਕਰਨ ਲਈ ਭਵਿਖ ਵਿਚ ਕੋਈ ਪ੍ਰਵੇਸ਼ ਪੱਤਰ ਜਾਰੀ ਨਾ ਕੀਤਾ ਜਾਵੇ। ਇਸ ਸਖਤ ਆਦੇਸ਼ ਦੇ ਬਾਵਜੂਦ ਸੰਪਰਕ ਅਧਿਕਾਰੀ ਪ੍ਰਵੇਸ਼ ਪੱਤਰ ਪ੍ਰਾਪਤ ਕਰਦੇ ਅਤੇ ਸਰਕਾਰੀ ਦਫਤਰਾਂ ਵਿਚ ਬੇਰੋਕ ਟੋਕ ਘੁੰਮਦੇ ਰਹੇ। ਸੰਸਦ ਵਿਚ ਹੋਈ ਜ਼ੋਰਦਾਰ ਚਰਚਾ ਦੇ ਦੌਰਾਨ ਗ੍ਰਹਿ ਮੰਤਰੀ ਸਰਦਾਰ ਬੂਟਾ ਸਿੰਘ ਨੇ ਦਬਵੀਂ ਜ਼ਬਾਨ ਵਿਚ ਇਹ ਸਵੀਕਾਰ ਕੀਤਾ ਕਿ ਇਹਨਾਂ ਸੰਪਰਕ ਅਧਿਕਾਰੀਆਂ ਉਰਫ ਦਲਾਲਾਂ ਦਾ ਦਫਤਰਾਂ ਵਿਚ ਆਉਣਾ-ਜਾਣਾ ਜਾਰੀ ਹੈ। ਇਹ ਦਲਾਲ ਆਪਣਾ ਕੰਮ ਕਢਵਾਉਣ ਲਈ ਨੇਤਾਵਾਂ ਅਤੇ ਉਚ ਅਧਿਕਾਰੀਆਂ ਦੀ ਹਰ ਕਮਜ਼ੋਰੀ ਦਾ ਪੂਰਾ-ਪੂਰਾ ਲਾਭ ਉਠਾਉਂਦੇ ਹਨ।

ਰਾਜਧਾਨੀ ਵਿਚ ਬੀਤੇ ਕੁਝ ਸਾਲਾਂ ਵਿਚ ਜੋ ਕਾਲ ਗਰਲਜ਼ ਦਾ ਧੰਦਾ ਬੜੀ ਤੇਜ਼ੀ ਨਾਲ ਪਲਿਆ ਹੈ ਉਸ ਦੇ ਪਿਛੇ ਵੀ ਇਹਨਾਂ ਦਲਾਲਾਂ ਦਾ ਹੱਥ ਹੈ। ਇਹਨਾਂ ਸੰਪਰਕ ਅਧਿਕਾਰੀਆਂ ਦਾ ਆਦਰਸ਼ ਵਾਕ ਇਹ ਹੈ'' ਭਰਪੂਰ ਫੀਸ ਦਿਓ ਅਤੇ ਅਸੀਂ ਹਰ ਕੰਮ ਕਰਵਾਉਣ ਦਾ ਠੇਕਾ ਲੈਂਦੇ ਹਾਂ।'' ਅਸੰਭਵ ਦਾ ਸ਼ਬਦ ਇਹਨਾਂ ਦੇ ਸ਼ਬਦ ਕੋਸ਼ ਵਿਚ ਨਹੀਂ ਹੈ। ਇਸ ਧੰਦੇ ਵਿਚ ਬਹੁਤ ਮੋਟੀ ਕਮਾਈ ਹੈ ਇਸ ਲਈ ਸੰਪਰਕ ਅਧਿਕਾਰੀਆਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਕੁਝ ਸਾਲ ਪਹਿਲਾਂ ਤਕ ਇਸ ਪੇਸ਼ੇ ਤੇ ਮਰਦਾਂ ਦਾ ਏਨਾ ਅਧਿਕਾਰ ਸੀ ਪਰ ਹੁਣ ਖੂਬਸੂਰਤ ਮਹਿਲਾਵਾਂ ਨੇ ਇਸ ਖੇਤਰ ਵਿਚ ਪੁਰਸ਼ਾਂ ਨੂੰ ਪਛਾੜ ਦਿੱਤਾ ਹੈ ਕਿਉਂਕਿ ਆਪਣੀ ਸੋਹਣੀ ਸ਼ਕਲ ਸੂਰਤ ਅਤੇ ਦਿਲਕਸ਼ ਅਦਾਵਾਂ ਦੇ ਜ਼ੋਰ ਤੇ ਉਹ ਨੇਤਾਵਾਂ ਅਤੇ ਉੱਚ ਅਧਿਕਾਰੀਆਂ ਤੋਂ ਆਪਣੇ ਕੰਮ ਬੜੀ ਆਸਾਨੀ ਨਾਲ ਕਰਵਾ ਲੈਂਦੀਆਂ ਹਨ। ਦਿੱਲੀ ਦੀ ਸਿਆਸਤ ਦਾ ਇਹ ਦਲਾਲ ਅਨਿੱਖੜਵਾਂ ਅੰਗ ਬਣ ਚੁੱਕੇ ਹਨ।

ਇਹਨਾਂ ਦਾ ਜਾਲ ਹਾਲਾਂ ਕਿ ਦੇਸ਼ ਦੇ ਸਭ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਫੈਲਿਆ ਹੋਇਆ ਹੈ ਪਰ ਕਿਉਂਕਿ ਦਿੱਲੀ ਦੇਸ਼ ਦੀ ਰਾਜਧਾਨੀ ਹੈ ਜਿਥੋਂ ਅਰਬਾਂ ਰੁਪਏ ਦੇ ਠੇਕੇ ਅਤੇ ਲਾਇਸੈਂਸ ਪ੍ਰਮਿਟ ਹਰ ਸਾਲ ਵੰਡੇ ਜਾਂਦੇ ਹਨ ਇਸ ਲਈ ਦਿੱਲੀ ਵਿਚ ਇਹਨਾਂ ਏਜੰਟਾਂ ਦੀ ਭਰਮਾਰ ਹੈ। ਇਹਨਾਂ ਦੀ ਸਹੀ ਗਿਣਤੀ ਦਾ ਅਨੁਮਾਨ ਲਗਾਉਣਾ ਹਾਲਾਂ ਕਿ ਮੁਸ਼ਕਲ ਹੈ, ਪਰ ਜਾਣਕਾਰ ਸੂਤਰਾਂ ਅਨੁਸਾਰ ਦਿੱਲੀ ਵਿਚ ਹਰ ਤਾਲੇ ਦੀ ਚਾਬੀ ਰੱਖਣ ਵਾਲੇ ਸਮਰਥ ਲੋਕਾਂ ਦੀ ਗਿਣਤੀ ਡੇਢ ਤੋਂ 2 ਹਜ਼ਾਰ ਦੇ ਦਰਮਿਆਨ ਹੈ। ਇਹਨਾਂ ਵਿਚੋਂ ਜ਼ਿਆਦਾ ਰੀਟਾਇਰਡ ਉਚ ਅਧਿਕਾਰੀ ਉਚ ਅਧਿਕਾਰੀਆਂ ਦੇ ਰਿਸ਼ਤੇਦਾਰ ਅਤੇ ਛੋਟੇ-ਮੋਟੇ ਨੇਤਾ ਹਨ। ਹੁਣ ਕੁਝ ਪੱਤਰਕਾਰਾਂ ਨੇ ਵੀ ਇਹ ਧੰਦਾ ਸ਼ੁਰੂ ਕਰ ਦਿਤਾ ਹੈ। ਰਾਜਧਾਨੀ ਵਿਚ 375 ਫਰਮਾਂ ਦੇ ਸੰਪਰਕ ਦਫਤਰ ਹਨ। ਇਹਨਾਂ ਵਿਚ 90 ਵਿਦੇਸ਼ੀ ਫਰਮਾ ਵੀ ਸ਼ਾਮਲ ਹਨ। ਬਾਕੀ ਲੋਕ ਆਪਣਾ ਧੰਧਾ ਆਪਣੇ ਘਰਾਂ ਵਿਚ ਹੀ ਕਰਦੇ ਹਨ। ਇਸ ਪੇਸ਼ੇ ਵਿਚ ਹਾਲਾਂ ਕਿ ਲੰਮੀ-ਚੌੜੀ ਪੂੰਜੀ ਦੀ ਜ਼ਰੂਰਤ ਨਹੀਂ ਹੁੰਦੀ। ਪਰ ਸਫਲ ਸੰਪਰਕ ਅਧਿਕਾਰੀ ਉਹੀ ਹੈ ਜੋ ਕਿ ਸ਼ਬਦਾਂ ਦਾ ਹੁਸੀਨ ਜਾਲ ਬੁਣ ਸਕਦਾ ਹੋਵੇ। ਨਵੇਂ ਨਵੇਂ ਲੋਕਾਂ ਨਾਲ ਦੋਸਤੀ ਬਣਾ ਸਕਦਾ ਹੋਵੇ। ਹਰ ਵਿਅਕਤੀ ਦੀ ਕੀਮਤ ਪਛਾਣਦਾ ਹੋਵੇ। ਉਸ ਨੂੰ ਲੋਕਾਂ ਦੀਆਂ ਕਮਜ਼ੋਰੀਆਂ ਦਾ ਪਤਾ ਲਗਾਉਣ ਵਿਚ ਮੁਹਾਰਤ ਹੋਵੇ ਅਤੇ ਉਹ ਇਹਨਾਂ ਕਮਜ਼ੋਰੀਆਂ ਦੀ ਆਪਣੇ ਲਾਭ ਲਈ ਵਰਤੋਂ ਕਰਨੀ ਜਾਣਦਾ ਹੋਵੇ।

ਸ਼ੁਰੂਆਤ ਕਿਵੇ : ਕਿਹਾ ਜਾਂਦਾ ਹੈ ਸੰਪਰਕ ਸਾਧਨ ਦੇ ਕੰਮ ਦੀ ਸ਼ੁਰੂਆਤ ਦੂਜੇ ਵਿਸ਼ਵ ਯੁਧ ਵਿਚ ਹੋਈ ਸੀ ਜਦੋਂ ਕਿ ਠੇਕੇ ਦੇਣ ਦਾ ਕੰਮ ਵਿਆਪਕ ਰੂਪ ਵਿਚ ਸ਼ੁਰੂ ਹੋਇਆ। ਪਹਿਲੇ ਠੇਕੇਦਾਰ ਖੁਦ ਹੀ ਅਧਿਕਾਰੀਆਂ ਨੂੰ ਰਾਜ਼ੀ ਕਰ ਲਿਆ ਕਰਦੇ ਸਨ ਪਰ ਕਿਉਂਕਿ ਇਹ ਕੰਮ ਹਰ ਵਿਅਕਤੀ ਲਈ ਸੰਭਵ ਨਹੀਂ ਇਸ ਲਈ ਹੌਲੀ-ਹੌਲੀ ਇਸ ਪੇਸ਼ੇ ਵਿਚ ਤੇਜ ਤਰਾਰ ਲੋਕਾਂ ਨੇ ਪ੍ਰਵੇਸ਼ ਕੀਤਾ। ਇਕ ਪੁਰਾਣੇ ਸੰਪਰਕ ਅਧਿਕਾਰੀ ਦਾ ਕਹਿਣਾ ਹੈ ਕਿ ਉਸ ਸਮੇਂ ਉਚ ਅਧਿਕਾਰੀ ਆਮ ਤੌਰ 'ਤੇ ਅੰਗਰੇਜ਼ ਹੋਇਆ ਕਰਦੇ ਸਨ ਜੋਕਿ ਅਕਸਰ ਈਮਾਨਦਾਰ ਅਤੇ ਵਫ਼ਾਦਾਰ ਹੁੰਦੇ ਸਨ। ਉਹ ਵਡੇ ਦਿਨਾਂ ਦੇ ਮੌਕੇ 'ਤੇ ਡਾਲੀ (ਤੋਹਫਾ) ਪ੍ਰਾਪਤ ਕਰਕੇ ਹੀ ਨਿਹਾਲ ਹੋ ਜਾਂਦੇ ਸਨ। ਜਦੋਂ ਤੋਂ ਕਾਲੇ ਸਾਹਿਬ ਕੁਰਸੀ ਤੇ ਬੈਠੇ ਹਨ ਅਤੇ ਆਪਣਾ ਰਾਜ ਆਇਆ ਹੈ ਉਦੋਂ ਤੋਂ ਹੀ ਭ੍ਰਿਸ਼ਟਾਚਾਰ ਬੜੀ ਤੇਜ਼ੀ ਨਾਲ ਵਧਿਆ ਹੈ। ਹੁਣ ਤਾਂ ਰਿਸ਼ਵਤ ਜੀਵਨ ਦਾ ਇਕ ਆਮ ਅੰਗ ਬਣ ਗਿਆ ਹੈ। ਜਦੋਂ ਵੀ ਕਿਸੇ ਲੜਕੇ ਦੀ ਸ਼ਾਦੀ ਹੋਣ ਵਾਲੀ ਹੁੰਦੀ ਹੈ, ਤਾਂ ਉਸ ਦੇ ਭਾਵੀ ਸਸੁਰਾਲ ਵਾਲੇ ਇਹ ਜਰੂਰ ਪੁਛਦੇ ਹਨ ਕਿ ਲੜਕੇ ਦੀ ਉਪਰਲੀ ਆਮਦਨ ਕਿੰਨੀ ਹੈ।

ਆਜ਼ਾਦੀ ਪ੍ਰਾਪਤੀ ਦੇ ਬਾਅਦ ਭ੍ਰਿਸ਼ਟਾਚਾਰ ਬਹੁਤ ਤੇਜ਼ੀ ਨਾਲ ਵਧਿਆ ਹੈ। ਪ੍ਰਾਚੀਨ ਨੀਤੀਵਾਨ ਚਾਣਕੀਆ ਦਾ ਕਥਨ ਕਾਫੀ ਹਦ ਤਕ ਸਹੀ ਹੈ ਕਿ ਜਿਸ ਤਰਾਂ ਦਾ ਰਾਜੇ ਦਾ ਆਚਰਣ ਹੁੰਦਾ ਹੈ ਉਸੇ ਤਰਾਂ ਹੀ ਉਸ ਦੇ ਕਰਮਚਾਰੀ ਵੀ ਅਪਨਾਉਂਦੇ ਹਨ। ਇਸ ਲਈ ਭ੍ਰਿਸ਼ਟਾਚਾਰ ਉਪਰ ਤੋਂ ਸ਼ੁਰੂ ਹੁੰਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਵਰਤਮਾਨ ਚੋਣ ਪ੍ਰਣਾਲੀ ਹੀ ਸਿਆਸੀ ਭ੍ਰਿਸ਼ਟਾਚਾਰ ਦੀ ਜਣਨੀ ਹੈ ਤਾਂ ਗਲਤ ਨਹੀਂ ਹੋਵੇਗਾ। ਕਾਨੂੰਨ ਦੇ ਅਨੁਸਾਰ ਚੋਣ ਤੇ 39 ਹਜ਼ਾਰ ਤੋਂ ਵਧ ਕੋਈ ਉਮੀਦਵਾਰ ਖਰਚ ਨਹੀਂ ਕਰ ਸਕਦਾ। ਜਦੋਂਕਿ ਲੋਕ ਸਭਾ ਚੋਣ ਤੇ 20 ਤੋਂ 50 ਲਖ ਰੁਪਏ ਅਤੇ ਵਿਧਾਨ ਸਭਾ ਦੀ ਚੋਣ ਲੜਨ ਤੇ 3 ਤੋਂ 10 ਲਖ ਰੁਪਏ ਖਰਚਾ ਆਉਂਦਾ ਹੈ। ਜੇਕਰ ਕੋਈ ਵਿਅਕਤੀ 20-25 ਲਖ ਰੁਪਏ ਖਰਚ ਕਰ ਕੇ ਚੋਣ ਜਿੱਤ ਵੀ ਜਾਂਦਾ ਹੈ ਤਾ ਉਸਨੂੰ ਇਕ ਸੰਸਦੀ ਮੈਂਬਰ ਦੇ ਰੂਪ ਵਿਚ ਪੰਜ ਸਾਲਾਂ ਵਿਚ ਜੋ ਤਨਖਾਹ ਤੇ ਭੱਤਾ ਮਿਲਦਾ ਹੈ, ਉਹ ਚਾਰ ਲੱਖ ਰੁਪਏ ਤੋਂ ਵੱਧ ਨਹੀਂ ਹੁੰਦਾ। ਬਾਕੀ ਸਭ ਕਾਲੇ ਧਨ ਅਤੇ ਉਪਰਲੀ ਕਮਾਈ ਦੀ ਕਰਾਮਾਤ ਹੁੰਦੀ ਹੈ।

ਇਸ ਲਈ ਵਡੀਆਂ-ਵਡੀਆਂ ਫਰਮਾਂ ਦੇ ਸੰਪਰਕ ਅਧਿਕਾਰੀ ਸੰਸਦੀ ਮੈਂਬਰਾਂ ਦੀ ਸਹਾਇਤਾ ਕਰਦੇ ਹਨ। ਅੱਜ ਸੰਸਦ ਵਿਚ ਕੋਈ ਵੀ ਵੱਡਾ ਪੂੰਜੀਪਤੀ ਘਰਾਣਾ ਅਜਿਹਾ ਨਹੀਂ ਹੈ ਜਿਸਦੀ ਆਪਣੀ ਲਾਬੀ ਨਾ ਹੋਵੇ। ਇਹ ਸਨਅਤੀ ਘਰਾਣੇ ਚੋਣਾਂ ਦੌਰਾਨ ਆਪਣੇ ਆਪਣੇ ਉਮੀਦਵਾਰ ਦੀ ਧੰਨ ਅਤੇ ਸਾਧਨਾਂ ਨਾਲ ਸਹਾਇਤਾ ਕਰਦੇ ਹਨ। ਜਿੱਤ ਜਾਣ ਤੇ ਇਹ ਸੰਸਦੀ ਮੈਂਬਰ ਉਸ ਘਰਾਣੇ ਦੇ ਹਿੱਤਾਂ ਦੀ ਰਖਿਆ ਕਰਨੇ

ਹਨ। ਲਗਭਗ ਇਹੀ ਸਥਿਤੀ ਮੰਤਰੀਆਂ ਦੀ ਵੀ ਹੈ। ਅੱਜ ਸ਼ਾਇਦ ਹੀ ਕੋਈ ਮੰਤਰੀ ਅਜਿਹਾ ਹੋਵੇ ਜਿਸ ਤੇ ਕਿਸੇ ਨਾ ਕਿਸੇ ਵਡੇ ਪੂੰਜੀਪਤੀ ਦਾ ਹੱਥ ਨਾ ਹੋਵੇ। ਰਾਜ ਨੇਤਾਵਾਂ ਅਤੇ ਉਦਯੋਗਪਤੀਆਂ ਦੀ ਦੋਸਤੀ ਸੰਪਰਕ ਅਧਿਕਾਰੀ ਹੀ ਸਥਾਪਿਤ ਕਰਵਾਉਂਦੇ ਹਨ। ਬਹੁਚਰਚਿਤ ਤੁਲ ਮੋਹਨ ਰਾਮ ਕੇਸ ਨੇ ਨੇਤਾਵਾਂ ਅਤੇ ਪੂੰਜੀ-ਪਤੀਆਂ ਦੇ ਨਾਪਾਕ ਗਠਜੋੜ ਦਾ ਭਾਂਡਾ ਚੋਰਾਹੇ ਤੇ ਭੰਨਿਆ ਸੀ। ਤੁਲ ਮੋਹਨ ਰਾਮ ਬਿਹਾਰ ਤੋਂ ਕਾਂਗਰਸੀ ਸੰਸਦੀ ਮੈਂਬਰ ਸਨ। ਉਹਨਾਂ ਨੇ ਆਪਣੇ ਇਕ ਕਿਰਪਾ ਪਾਤਰ ਉਦਯੋਗਪਤੀ ਨੂੰ ਲਾਇਸੰਸ ਦਿਵਾਉਣ ਲਈ ਅਧਿਕਾਰੀਆਂ ਤੇ ਦਬਾਅ ਪਾਇਆ ਸੀ। ਉਹਨਾਂ ਨੇ ਇਕ ਪ੍ਰਾਰਥਨਾ ਪੱਤਰ ਉਚ ਅਧਿਕਾਰੀਆਂ ਨੂੰ ਭਿਜਵਾਇਆ ਸੀ। ਇਸ ਪ੍ਰਾਰਥਨਾ ਪੱਤਰ ਤੇ 30 ਸੰਸਦੀ ਮੈਂਬਰਾਂ ਨੇ ਸਿਫਾਰਸ਼ ਕੀਤੀ ਸੀ। ਖੁਫੀਆ ਵਿਭਾਗ ਦੀ ਜਾਂਚ ਅਨੁਸਾਰ ਇਸ ਉਦਯੋਗਪਤੀ ਤੋਂ ਧੰਨ ਲੈਕੇ ਤੁਲ ਮੋਹਨ ਰਾਮ ਨੇ ਕਈ ਸੰਸਦੀ ਮੈਂਬਰਾਂ ਤੋਂ ਸਿਫਾ-ਰਸ਼ ਕਰਵਾਈ ਸੀ। ਜਿਹਨਾਂ 30 ਸੰਸਦੀ ਮੈਂਬਰਾਂ ਦੇ ਦਸਤਖਤ ਕਰਵਾਉਣ ਦਾ ਦਾਅਵਾ ਕੀਤਾ ਸੀ ਉਹਨਾਂ ਵਿਚੋਂ ਕੁਝ ਸਾਈਨ ਤੁਲ ਮੋਹਨ ਰਾਮ ਨੇ ਖੁਦ ਬੋਗਸ ਬਣਾਏ ਸਨ। ਸੀ. ਬੀ. ਆਈ ਨੇ ਓਹਨਾਂ ਦੇ ਵਿਰੁੱਧ ਅਦਾਲਤ ਵਿਚ ਮੁਕੱਦਮਾ ਚਲਾਇਆ ਸੀ ਜਿਸ ਵਿਚ ਉਹਨਾਂ ਨੂੰ ਸਜ਼ਾ ਵੀ ਹੋਈ ਸੀ।

ਸਵਰਗੀ ਪੰਡਤ ਜਵਾਹਰ ਲਾਲ ਨਹਿਰੂ ਸ਼ੁਰੂ ਵਿਚ ਭ੍ਰਿਸ਼ਟਾਚਾਰ ਬਾਰੇ ਬੜੇ ਸਖਤ ਸਨ। ਪਹਿਲੀ ਲੋਕ ਸਭਾ ਦੇ ਪੰਜਾਬ ਦੇ ਇਕ ਮੈਂਬਰ ਨੂੰ ਇਸ ਲਈ ਸੰਸਦ ਦੀ ਮੈਂਬਰੀ ਤੋਂ ਹਟਾ ਦਿਤਾ ਗਿਆ ਕਿਉਂਕਿ ਉਸ ਨੇ ਇਕ ਕੰਪਨੀ ਦੇ ਸੰਪਰਕ ਅਧਿ-ਕਾਰੀ ਦੇ ਰੂਪ ਵਿਚ ਕੰਮ ਕੀਤਾ ਸੀ। ਸਮਾਂ ਗੁਜਰਨ ਦੇ ਨਾਲ-ਨਾਲ ਨਹਿਰੂ ਦਾ ਰੁਖ ਭ੍ਰਿਸ਼ਟਾਚਾਰੀਆਂ ਦੇ ਪ੍ਰਤੀ ਨਰਮ ਹੁੰਦਾ ਗਿਆ। ਉਹ ਬੇਸ਼ੱਕ ਖੁਦ ਭ੍ਰਿਸ਼ਟਾਚਾਰੀ ਨਾ ਹੀ ਰਹੇ ਹੋਣ। ਪਰ ਉਹਨਾਂ ਨੇ ਅਨੇਕ ਭ੍ਰਿਸ਼ਟਾਚਾਰੀਆਂ ਜਿਵੇਂ ਬੀਜੂ ਪਟਨਾਇਕ ਸਰਦਾਰ ਪ੍ਰਤਾਪ ਸਿੰਘ ਕੈਰੋਂ, ਹਰਸ਼ ਦੇਵ ਮਾਲਵੀਆ ਟੀ. ਟੀ. ਕ੍ਰਿਸ਼ਨਾਮਚਾਰੀ, ਬਖਸ਼ੀ ਗੁਲਾਮ ਮੁਹੰਮਦ ਨੂੰ ਸੁਰ-ਖਿਆ ਪ੍ਰਦਾਨ ਕੀਤੀ। ਉਹਨਾਂ ਦੀ ਪੁੱਤਰੀ ਦੇ ਸ਼ਾਸਨ ਕਾਲ ਵਿਚ ਵੀ ਭ੍ਰਿਸ਼ਟਾਚਾਰ ਜਨਜੀਵਨ ਦਾ ਅਨਿਖੜ ਅੰਗ ਬਣਗਿਆ।

ਦਿੱਲੀ ਵਿਚ ਆਜ਼ਾਦੀ ਦੇ ਬਾਅਦ ਜੋ ਭ੍ਰਿਸ਼ਟਾਚਾਰ ਫੈਲਿਆ ਉਸ ਵਿਚ ਬਿਹਾਰੀ ਮੰਤਰੀਆਂ ਦਾ ਕਾਫੀ ਯੋਗਦਾਨ ਰਿਹਾ ਹੈ। ਇਕ ਹਰੀਜਨ ਮੰਤਰੀ ਸਨ ਜੋ ਕਿ ਬਹੁਤ ਗਰੀਬ ਘਰੋਂ ਆਏ ਸਨ। ਉਹਨਾਂ ਨੂੰ ਧੰਨ ਦੇ ਨਾਲ ਨਾਲ ਹਰ ਹੁਸੀਨ ਚੀਜ਼ ਨਾਲ ਵਿਸ਼ੇਸ਼ ਮੋਹ ਸੀ। ਉਹ ਚਾਰ ਦਹਾਕਿਆਂ ਤਕ ਮੰਤਰੀ ਰਹੇ ਅਤੇ ਉਹਨਾਂ ਨੇ ਦੌਲਤ ਤਾਂ ਬਟੋਰੀ ਹੀ ਹੁਸੀਨ ਚਿਹਰਿਆਂ ਨਾਲ ਵੀ ਖੂਬ ਦੋਸਤੀ ਗੰਢੀ। ਇਹ ਸਵਰਗੀ ਨੇਤਾ ਹੀਰੇ ਜਵਾਹਰਾਤ ਦਾ ਬੇਹੱਦ ਸ਼ੌਕੀਨ ਸੀ। ਬਿਹਾਰ ਦੇ ਹੀ ਇਕ ਹੋਰ ਰਾਜਪੂਤ ਮੰਤਰੀ ਹੋਇਆ ਕਰਦੇ ਸਨ ਜੋ ਕਿ ਇਤਰ ਅਤੇ ਜਵਾਨੀ ਦੇ ਪਾਰਖੂ ਸਨ। ਉਹਨਾਂ ਦੀ ਇਸ ਕਮਜ਼ੋਰੀ ਦਾ ਹਰ ਚਾਲਕ ਸੰਪਰਕ ਅਧਿਕਾਰੀ ਨੇ ਪੂਰਾ-ਪੂਰਾ ਲਾਭ ਉਠਾਇਆ।

ਕਿਹਾ ਜਾਂਦਾ ਹੈ ਕਿ ਖਰਬੂਜੇ ਨੂੰ ਦੇਖ ਕੇ ਹੀ ਖਰਬੂਜਾ ਰੰਗ ਫੜਦਾ ਹੈ। ਇਨ੍ਹਾਂ ਰੰਗੀਲੇ ਮੰਤਰੀਆਂ ਦੇ ਰੰਗੀਲੇ ਕਿਸਿਆਂ ਨੇ ਵੱਡੇ-ਵੱਡੇ ਧਰਮਾਤਮਾਵਾਂ ਦੇ ਈਮਾਨ ਡਾਵਾਂਡੋਲ ਕਰ ਦਿਤੇ। ਉਨ੍ਹਾਂ ਦੀ ਦੌਲਤ, ਸੁਰਾ ਅਤੇ ਸੁੰਦਰੀ ਦੀ ਭੁਖ ਨੇ ਸੰਪਰਕ ਅਧਿਕਾਰੀਆਂ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਉਨ੍ਹਾਂ ਤੋਂ ਕਰੋੜਾਂ ਰੁਪਏ ਕਮਾ-ਉਣ ਦਾ ਮੌਕਾ ਦਿਤਾ।ਜਦੋਂ 1977 ਵਿਚ ਕਾਂਗਰਸ ਹਾਰੀ ਤਾਂ ਆਮ ਲੋਕਾਂ ਦਾ ਖਿਆਲ ਸੀ ਕਿ ਹੁਣ ਭ੍ਰਿਸ਼ਟਾਚਾਰੀ ਯੁੱਗ ਦੀ ਸਮਾਪਤੀ ਹੋ ਗਈ ਹੈ ਪਰ ਕੁਝ ਹੀ ਮਹੀਨਿਆਂ ਵਿਚ ਪੁਰਾਣੇ ਘਾਗ ਸੰਪਰਕ ਅਧਿਕਾਰੀਆਂ ਨੇ ਜਨਤਾ ਪਾਰਟੀ ਦੇ ਮੰਤਰੀਆਂ ਦੀਆਂ ਵੀ ਆਦਤਾਂ ਵਿਗਾੜ ਦਿੱਤੀਆਂ। ਉਹਨਾਂ ਨੇ ਵੀ ਕਾਂਗਰਸੀ ਮੰਤਰੀਆਂ ਨੂੰ ਇਸ ਖੇਤਰ ਵਿਚ ਵੀ ਮਾਤ ਦੇਣੀ ਸ਼ੁਰੂ ਕਰ ਦਿਤੀ। ਇਕ ਸੋਸ਼ਲਿਸਟ ਮੰਤਰੀ ਦੀਆਂ ਪਰੇਮ ਕਹਾਣੀਆਂ ਨੇ ਤਾਂ ਦਿੱਲੀ ਵਿਚ ਹਲਚਲ ਮਚਾ ਦਿਤੀ ਸੀ। ਜਨਸੰਘ ਦੇ ਇਕ ਮੰਤਰੀ ਦੀਆਂ ਰੰਗੀਨੀ ਕਹਾਣੀਆਂ ਕੇਂਦਰੀ ਹਾਲ ਵਿਚ ਲੋਕ ਸੁਆਦ ਲੈ ਲੈ ਕੇ ਸੁਣਾਇਆ ਕਰਦੇ ਸਨ। ਜਿਥੋਂ ਤਕ ਦੌਲਤ ਬਟੋਰਨ ਦਾ ਸਬੰਧ ਹੈ, ਇਸ ਖੇਤਰ ਵਿਚ ਵੀ ਜਨਤਾ ਪਾਰਟੀ ਦੇ ਮੰਤਰੀ ਕਾਂਗਰਸੀਆਂ ਤੋਂ ਪਿਛੇ ਨਾ ਰਹੇ।

ਕਾਂਗਰਸ ਦੇ ਸ਼ਾਸ਼ਨ ਕਾਲ ਵਿਚ ਇਕ ਸ਼ਰਮਾ ਜੀ ਨਾਮੀ ਵਿਅਕਤੀ ਕਾਲ ਗਰਲਜ਼ ਦੇ ਮਾਧਿਅਮ ਰਾਹੀਂ ਮੰਤਰੀਆਂ ਤੋਂ ਉਲਟੇ ਸਿੱਧੇ ਕੰਮ ਕਰਵਾਉਣ ਵਿਚ ਮਾਹਿਰ ਮੰਨੇ ਜਾਂਦੇ ਹਨ। ਉਹਨਾਂ ਨੇ ਇਸ ਧੰਦੇ ਤੋਂ ਲਖਾਂ ਰੁਪਏ ਕਮਾਏ। ਜਿਵੇਂ ਹੀ ਸ਼ਾਸਨ ਪਲਟਿਆਂ ਉਹਨਾਂ ਨੇ ਜਨਤਾ ਪਾਰਟੀ ਦੇ ਇਕ ਉੱਚ ਨੇਤਾ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ। ਮੰਤਰੀ ਬਦਲ ਗਏ ਸਨ ਪਰ ਸੰਪਰਕ ਸੂਤਰ ਉਹੀ ਸਨ। ਉਹਨੀਂ ਦਿਨੀਂ ਮੈਨੂੰ ਇਕ ਮੰਤਰੀ ਦੇ ਬੰਗਲੇ ਵਿਚ ਜਾਣ ਦਾ ਮੌਕਾ ਮਿਲਿਆ ਤਾਂ ਉਹਨਾਂ ਦੇ ਦਫਤਰ ਵਿਚ ਇਕ ਬਦਨਾਮ ਦਲਾਲ ਬੈਠੇ ਸਨ। ਮੰਤਰੀ ਜੀ ਨੂੰ ਮਿਲਿਆ ਤਾਂ ਮੈਂ ਉਹਨਾਂ ਤੋਂ ਪੁਛਿਆ, 'ਸਾਹਿਬ ! ਫਲਾਂ ਵਿਅਕਤੀ ਤੁਹਾਡੇ ਇਥੇ ਕਿਵੇਂ ? ਜਦੋਂ ਮੰਤਰੀ ਨੇ ਮੈਥੋਂ ਪੁਛਿਆ-ਤਾਂ ਮੈਂ ਉਹਨਾਂ ਨੂੰ ਇਸ ਦਲਾਲ ਦੇ ਕਾਰਾ ਨਾਮੇ ਦਸੇ। ਇਸ ਤੇ ਮੰਤਰੀ ਜੀ ਨੇ ਭਵਿਖ ਵਿਚ ਉਸ ਦੇ ਆਪਣੇ ਘਰ ਜਾ ਦਫਤਰ ਵਿਚ ਆਉਣ ਤੇ ਪਾਬੰਦੀ ਲਗਾ ਦਿਤੀ।

ਹੱਥਕੰਡੇ : ਇਸ ਘਾਗ ਸੰਪਰਕ ਮਾਹਿਰ ਦਾ ਕਹਿਣਾ ਹੈ ਕਿ ਇਸ ਖੇਤਰ ਵਿਚ ਉਹੀ ਵਿਅਕਤੀ ਸਫਲ ਹੋ ਸਕਦਾ ਹੈ ਜੋ ਕਿ ਇਕ ਹੀ ਨਜ਼ਰ ਵਿਚ ਕਿਸੇ ਵਿਅਕਤੀ ਦੀ ਕਮਜ਼ੋਰੀ ਤਾੜ ਲਵੇ ਅਤੇ ਉਸ ਦਾ ਲਾਭ ਉਠਾਵੇ। ਆਮ ਤੌਰ ਤੇ ਦੌਲਤ, ਔਰਤ ਅਤੇ ਸ਼ੋਹਰਤ ਕਿਸੇ ਵੀ ਇਨਸਾਨ ਦੀ ਕਮਜ਼ੋਰੀ ਹੁੰਦੀ ਹੈ। ਮੰਤਰੀਆਂ, ਉੱਚ ਨੇਤਾਵਾਂ ਅਤੇ ਉੱਚ ਅਧਿਕਾਰੀਆਂ ਨੂੰ ਸ਼ੀਸ਼ੇ ਵਿਚ ਉਤਾਰਨ ਲਈ ਸੰਪਰਕ ਮਾਹਿਰ ਦੌਲਤ ਅਤੇ ਔਰਤ ਦਾ ਸਹਾਰਾ ਲੈਂਦੇ ਹੀ ਹਨ। ਅੱਜ ਰਾਜ-ਧਾਨੀ ਵਿਚ 28 ਹਜ਼ਾਰ ਵੇਸਵਾਵਾਂ ਹਨ। ਇਹਨਾਂ ਵਿਚੋਂ 5 ਹਜ਼ਾਰ ਕਾਲ ਗਰਲਜ਼ ਹਨ। ਇਹ ਮਾਡਰਨ ਸੁੰਦਰੀਆਂ ਅਜਿ-ਹੀਆਂ ਚਾਬੀਆਂ ਹਨ, ਜਿਹਨਾਂ ਨਾਲ ਹਰ ਤਾਲਾ ਖੁਲ੍ਹ ਜਾਂਦਾ ਹੈ।

ਸੰਪਰਕ ਮਾਹਿਰ ਅਕਸਰ ਗੈਸਟ ਹਾਊਸਾਂ ਵਿਚ ਕਾਕਟੇਲ ਪਾਰਟੀਆਂ ਦਿੰਦੇ ਹਨ, ਜਿਹਨਾਂ ਵਿਚ ਵਿਦੇਸ਼ੀ ਸ਼ਰਾਬ ਪਾਣੀ ਦੀ ਤਰ੍ਹਾਂ ਰੋੜ੍ਹੀ ਜਾਂਦੀ ਹੈ। ਹੁਸੀਨ ਸਾਕੀ ਇਹਨਾਂ ਮਦਰਾ ਪਾਰਟੀਆਂ ਵਿਚ ਮਦਹੋਸ਼ ਹੋ ਕੇ ਡਿੱਗਣ ਵਾਲਿਆਂ ਨੂੰ ਸੰਭਾਲਣ ਦਾ ਕੰਮ ਕਰਦੀਆਂ ਹਨ। ਉਸ ਦੇ ਬਾਅਦ ਸੇਵਾ ਲਈ ਮਹਿਮਾਨਾਂ ਨੂੰ ਇਹਨਾਂ ਹੁਸੀਨਾਂ ਦੇ ਸਪੁਰਦ ਕਰ ਦਿਤਾ ਜਾਂਦਾ ਹੈ। ਇਨਾਂ ਪਾਰਟੀਆਂ ਵਿਚ ਸੰਪਰਕ ਬਣਦੇ ਹਨ ਜੋ ਕਿ ਵੱਡੇ ਵੱਡੇ ਉਦਯੋਗਪਤੀਆਂ, ਵਿਦੇਸ਼ੀ ਦੂਤਾਵਾਸਾਂ ਲਈ ਸੋਨੇ ਦੀ ਖਾਨ ਸਿੱਧ ਹੁੰਦੇ ਹਨ। ਅਕਸਰ ਵੱਡੇ ਲੋਕਾਂ ਨੂੰ ਆਲੀ-ਸ਼ਾਨ ਗੈਸਟ ਹਾਊਸਾਂ ਵਿਚ ਇਕੱਲਿਆਂ ਹੀ ਪਾਰਟੀਆਂ ਦਿਤੀਆਂ ਜਾਂਦੀਆਂ ਹਨ। ਇਹਨਾਂ ਪਾਰਟੀਆਂ ਵਿਚ ਨੇਤਾ, ਮੰਤਰੀ ਅਤੇ ਸੁੰਦਰ ਸਾਥੀ ਦੇ ਇਲਾਵਾ ਕੋਈ ਤੀਜਾ ਨਹੀਂ ਹੁੰਦਾ। ਅਜਿਹੀ ਪਾਰਟੀ ਦੇ ਬਾਅਦ ਜੇਕਰ ਕੋਈ ਨੇਤਾ ਜਾਂ ਅਧਿਕਾਰੀ ਹਰ ਮਨੋਕਾਮਨਾ ਪੂਰੀ ਕਰ ਦੇਵੇ ਤਾਂ ਉਸ ਵਿਚ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਪਿਛਲੇ ਇਕ ਦਹਾਕੇ ਵਿਚ ਦਿੱਲੀ ਦੇ ਪੇਂਡੂ ਖੇਤਰਾਂ ਵਿਚ ਸੈਂਕੜੇ ਫਾਰਮ ਹਾਊਸ ਵੱਡੇ ਵੱਡੇ ਪੂੰਜੀਪਤੀਆਂ ਨੇ ਬਣ-ਵਾਏ ਹਨ। ਇਹਨਾਂ ਫਾਰਮ ਹਾਊਸਾਂ ਦਾ ਇਸਤੇਮਾਲ ਇਸੇ ਤਰਾਂ ਦੀਆਂ ਰੰਗੀਨ ਪਾਰਟੀਆਂ ਦਾ ਆਯੋਜਨ ਕਰਨ ਲਈਹੁੰਦਾ ਹੈ।ਇਹਨਾਂ ਪਾਰਟੀਆਂਵਿਚ ਕਰੋੜਾਂ ਦੇ ਪਰ-ਮਿਟਾਂ, ਲਾਈਸੈਂਸਾਂ,ਠੇਕਿਆਂ ਆਦਿ ਦੇਫੈਸਲੇ ਹੁੰਦੇ ਹਨ। ਹਾਲ ਵਿਚ ਹੀ ਚੋਣਾਂ ਵਿਚ ਟਿਕਟਾਂ ਪ੍ਰਾਪਤ ਕਰਨ ਲਈ ਵੀ ਸੰਪਰਕ ਸਾਹਿਰਾਂ ਨੇ ਉੱਚ ਮਹਿਮਾਨਾਂ ਨੂੰ ਇਹਨਾਂ ਫਾਰਮ ਹਾਊਸਾਂ ਵਿਚ ਖਾਸੇ ਖਾਸ ਪਾਰ-ਟੀਆਂ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ।

ਬੀਤੇ ਦਿਨੀਂ ਗਰੇਟਰ ਕੈਲਾਸ਼ ਵਿਚ ਫੜਿਆ ਗਿਆ ਕਮਲਜੀਤ ਇਸੇ ਤਰਾਂ ਦਾ ਵਿਅਕਤੀ ਸੀ, ਉਸ ਨੂੰ ਕਾਲ ਗਰਲਜ਼ ਸਪਲਾਈ ਕਰਨ ਦੇ ਸਿਲਸਿਲੇ ਵਿਚ

ਬਾਕੀ ਸਫਾ (ੳ 3)

# ਅੰਤਰ-ਰਾਸ਼ਟਰੀ ਮਜ਼ਦੂਰ ਦਿਹਾੜਾ ਪਹਿਲੀ ਮਈ ਦੀ ਮਹਾਨਤਾ

ਗੁਰਨਾਮ ਸਿੰਘ ਸੰਘੇੜਾ

ਪਹਿਲੀ ਮਈ ਦੁਨੀਆਂ ਭਰ ਦੇ ਮਜ਼ਦੂਰਾਂ ਦਾ ਦਿਨ ਮੰਨਿਆ ਗਿਆ ਹੈ। ਇਸ ਦਿਨ ਪਿਛੇ ਦੁਨੀਆਂ ਦੇ ਮਜ਼ਦੂਰਾਂ ਦੇ ਘੋਲਾਂ, ਕੁਰਬਾਨੀਆਂ ਅਤੇ ਲੋਟੂਆਂ ਨਾਲ ਲੋਹਾ ਲੈਣ ਦਾ ਇਤਿਹਾਸ ਹੈ। ਇਹ ਮਜ਼ਦੂਰ ਵਰਗ ਦੀ ਏਕਤਾ, ਹੱਕਾਂ ਦੀ ਰਾਖੀ ਅਤੇ ਅਗਾਂਹ ਵਧੂ ਜੱਦੋ ਜਹਿਦ ਦਾ ਚਿੰਨ ਹੈ। ਇਹ ਯਾਦ ਕਰਾਉਂਦਾ ਹੈ ਕਿ ਦੁਨੀਆਂ ਦੇ ਹਰ ਕਿਰਤੀ ਦੀ ਆਪਸੀ ਸਾਂਝ ਹੈ ਅਤੇ ਲੋਟੂਆਂ ਤੇ ਸਾਮਰਾਜੀਆਂ ਦੀਆਂ ਮਜ਼ਦੂਰਾਂ ਵਿਚ ਵੰਡਾਂ ਪਾਉਣ ਵਾਲੀਆਂ ਚਾਲਾਂ ਨੂੰ ਭਾਂਜ ਦੇਣ ਦਾ ਇਤਹਾਸ ਹੈ। ਨਸਲ, ਰੰਗ, ਬਣਨਵਾਦ, ਫਿਰਕਾ ਪ੍ਰਸਤੀ ਆਦਿ ਵੰਡਾਂ ਤੋਂ ਸੁਚੇਤ ਰਹਿਣਾ ਜ਼ਰੂਰੀ ਹੈ। ਲੋਟੂ ਹਾਕਮ ਜਮਾਤ ਮਜ਼ਦੂਰ ਨੂੰ ਕਮਜ਼ੋਰ ਕਰਨ ਤੇ ਇਸ ਦੇ ਏਕੇ ਦੀ ਤਾਕਤ ਨੂੰ ਖਤਮ ਕਰਨ ਲਈ ਸਦਾ ਹੀ ਯਤਨ ਕਰਦੀ ਰਹੀ ਹੈ ਅਤੇ ਅੱਜ ਭੀ ਕਰ ਰਹੀ ਹੈ। ਭਾਰਤ ਦੀ ਰਾਜੀਵ ਗਾਂਧੀ ਦੀ ਸਰਕਾਰ ਤੋਂ ਲੈ ਕੇ ਅਮਰੀਕਾ, ਕਨੇਡਾ ਤੱਕ ਦੀਆਂ ਸਰਕਾਰਾਂ ਇਸ ਕੋਸ਼ਿਸ਼ ਵਿਚ ਹਨ ਕਿ ਯੂਨੀਅਨਾਂ ਨੂੰ ਕਿਵੇਂ ਖਤਮ ਕੀਤਾ ਜਾਵੇ ਅਤੇ ਮਜ਼ਦੂਰ ਨੂੰ ਮਜ਼ਦੂਰ ਨਾਲ ਲੜਾਇਆ ਜਾਵੇ। ਹਰ ਸੰਕਟ ਜਾਂ ਕਮਜ਼ੋਰੀ ਸਮੇਂ, ਇਸ ਦਿਨ ਦੀ ਮਹਾਨਤ ਨੂੰ ਯਾਦ ਕਰਕੇ, ਉਤਸ਼ਾਹ ਤੇ ਸੇਧ ਲੈਂਦੇ ਰਹਿਣਾ ਚਾਹੀਦੀ। ਨਹੀਂ ਤਾਂ ਕਈ ਬਾਰੇ ਮਜ਼ਦੂਰ ਦਾ ਇਕ ਸੈਕਸ਼ਨ ਗੁੰਮਰਾਹ ਹੋ ਕੇ ਕੁਰਾਹੇ ਪੈ ਸਕਦਾ ਹੈ।

ਭਾਰੀ ਬੇ-ਰੋਜਗਾਰੀ, ਕਟੌਤੀਆਂ ਅਤੇ ਸਮਾਜਿਕ ਸੇਵਾਵਾ ਤੇ ਵੈਲਫੇਅਰ ਨੂੰ ਘਟਾਉਣ ਤੇ ਖਤਮ ਕਰਨ ਦੀਆਂ ਸਕੀਮਾਂ ਰਾਹੀਂ ਮਜ਼ਦੂਰ ਨੂੰ ਮਜ਼ਦੂਰ ਨਾਲ ਭਿੜਾਉਣ ਤੱਕ ਗੱਲ ਜਾ ਸਕਦੀ ਹੈ। ਭਾਵੇਂ ਕਿ ਮਈ ਦਿਵਸ ਤੋਂ ਉਤਸ਼ਾਹ ਲੈ ਕੇ ਇਨ੍ਹਾਂ ਸਕੀਮਾਂ ਨੂੰ ਅਸਫਲ ਕਰਨ ਲਈ ਸਰਗਰਮ ਹੋਣਾ ਚਾਹੀਦਾ ਹੈ। ਇਸ ਹੀ ਤਰ੍ਹਾਂ 75 ਸਾਲ ਪਹਿਲਾਂ 23 ਮਈ ਨੂੰ ਭਾਰਤੀਆਂ ਨਾਲ ਭਰਿਆ ਕਾਮਾ ਗਾਟਾ ਮਾਰੂ ਜ਼ਹਾਜ਼ ਇਥੇ ਆਇਆ ਤਾਂ ਨਸਲਵਾਦੀ ਹਾਕਮਾਂ ਨੇ ਚਿੱਟੇ ਮਜ਼ਦੂਰਾਂ ਨੂੰ ਭੀ ਭਾਰਤੀਆਂ ਵਿਰੁੱਧ ਉਕਸਾਇਆ ਅਤੇ ਭਾਰਤੀ ਤੇ ਚੀਨੇ ਲੋਕਾਂ ਦੀ ਇਮੀਗਰੇਸ਼ਨ ਵਿਰੁੱਧ ਯੂਨੀਅਨਾਂ ਤੋਂ ਮਤੇ ਪਾਸ ਕਰਵਾਏ (ਕੁਝ ਇਕ ਤੋਂ)। ਕਾਮਾ ਗਾਟਾ ਮਾਰੂ ਭੀ ਨਸਲਵਾਦੀ ਵੰਡਾਂ ਵਿਰੁੱਧ ਭਾਰਤੀਆਂ ਦੀ ਏਕਤਾ ਪਰ ਕਨੇਡੀਅਨ ਸਰਕਾਰ ਅਤੇ ਬਰਤਾਨਵੀ ਸਾਮਰਾਜੀ ਸਰਕਾਰ ਵਲੋਂ ਖੇਲੀਆਂ ਚਾਲਾਂ ਵਿਰੁੱਧ ਚਿੰਨ ਹੈ।

ਸੋ ਮੁੱਢ ਤੋਂ ਹੀ ਮਜ਼ਦੂਰ ਵਰਗ ਉਪਰ ਹਰ ਕਿਸਮ ਸਿੱਧੇ ਅਸਿੱਧੇ ਹਮਲੇ ਹੁੰਦੇ ਰਹੇ ਹਨ। ਇਨ੍ਹਾਂ ਨੂੰ ਸਫਲਤਾ ਭਰਪੂਰ ਹਾਰ ਦੇਣ ਲਈ ਮਜ਼ਦੂਰ ਦੀ ਏਕਤਾ ਅਤੇ ਮਜ਼ਦੂਰ ਹਿਤੂ ਫਲਸਫੇ ਨਾਲ ਲੈਸ ਹੋਣਾ ਜ਼ਰੂਰੀ ਹੈ। ਨਾਲ ਹੀ ਮਜ਼ਦੂਰ ਜਮਾਤ ਨੂੰ ਆਪਣੇ ਇਤਹਾਸ ਤੋਂ ਜਾਣੂ ਹੋਣਾ ਭੀ ਜ਼ਰੂਰੀ ਹੈ ਪਰ ਖਾਸ ਕਰ ਪਹਿਲੀ ਮਈ ਦੇ ਆਰੰਭ ਬਾਰੇ।

ਸਾਥੀ ਸਟਾਲਿਨ ਨੇ ਲਿਖਿਆ, "ਹਰ ਜਮਾਤ ਦੇ ਮਨ ਪਸੰਦ ਤਿਉਹਾਰ ਹੁੰਦੇ ਹਨ। ਕੁਲੀਨ/ ਉਚੇ ਵਰਗ ਨੇ ਆਪਣੇ ਤਿਉਹਾਰ ਸ਼ੁਰੂ ਕੀਤੇ ਅਤੇ ਉਸ ਸਮੇਂ ਕਿਸਾਨਾਂ ਨੂੰ ਲੁੱਟਣ ਦੇ ਹੱਕ ਨੂੰ ਐਲਾਨਿਆ। ਸਰਮਾਏਦਾਰੀ ਦੇ ਆਪਣੇ ਤਿਉਹਾਰ ਹਨ ਅਤੇ ਉਨ੍ਹਾਂ ਸਮਿਆਂ ਉਤੇ ਮਜ਼ਦੂਰਾਂ ਦੀ ਲੁੱਟ ਕਰਨ ਦੇ ਹੱਕ ਨੂੰ ਜਾਇਜ਼ ਠਹਿਰਾਉਂਦੇ ਹਨ। ਪਾਦਰੀ (ਪਰੋਹਿਤਾਂ ਜਾਂ ਭਾਈਆਂ) ਦੇ ਆਪਣੇ ਤਿਉਹਾਰ ਹਨ ਅਤੇ ਉਨ੍ਹਾਂ ਸਮਿਆਂ ਤੇ ਵਰਤਮਾਨ ਪ੍ਰਬੰਧ ਦੇ ਗੀਤ ਗਾਉਂਦੇ ਦੇ ਸਿਫਤਾਂ ਦੇ ਪੁਲ ਬੰਨ੍ਹਦੇ ਹਨ ਜਿਸ ਪ੍ਰਬੰਧ ਵਿੱਚ ਮਿਹਨਤੀ ਗਰੀਬੀ ਵਿੱਚ ਮਰਦੇ ਹਨ ਜਦ ਕਿ ਵਿਹਲੜ ਲੋਕ ਅਯਾਸ਼ੀ ਵਿੱਚ ਅਨੰਦ ਮਾਣਦੇ ਹਨ।

ਮਜ਼ਦੂਰਾਂ ਨੂੰ ਭੀ ਆਪਣੇ ਮੇਲੇ ਚਾਹੀਦੇ ਹਨ ਅਤੇ ਉਸ ਸਮੇ ਉਹ ਭੀ ਸਰਵ ਵਿਆਪੀ ਮਜਦੂਰੀ, ਸਰਵ-ਵਿਆਪਕ ਆਜ਼ਾਦੀ ਅਤੇ ਸਾਰੀ ਮਨੁੱਖਤਾ ਦੀ ਸਰਵ-ਵਿਆਪਕ ਬਰਾਬਰੀ ਦਾ ਜਰੂਰ ਐਲਾਨ ਕਰਨ। ਇਹ ਤਿਉਹਾਰ ਪਹਿਲੀ ਮਈ ਦਾ ਤਿਉਹਾਰ ਹੈ।"

ਇਹ ਦਿਹਾੜਾ ਮਜ਼ਦੂਰ ਵਰਗ ਦੀ ਹੱਕੀ ਲੜਾਈ ਦਾ ਅੰਤਰ-ਰਾਸ਼ਟਰੀ ਦਿਹਾੜਾ ਹੈ ਅਤ ਇਸ ਦਿਹਾੜੇ ਦਾ ਅਮਰੀਕੀ ਮਜ਼ਦੂਰ ਦੀ ਅੱਠ ਘੰਟੇ ਦੀ ਦਿਹਾੜੀ ਦੀ ਲੜੀ ਗਈ ਜੱਦੋ ਜਹਿਦ ਅਤੇ ਉਸ ਦਿਨ ਉਤੇ ਮਜ਼ਦੂਰ ਵਰਗ ਦੀ ਇੱਕ ਮੁਠਤਾ ਅਤੇ ਡੁਲੇ ਪਰ ਕਲਿਆਣਕਾਰੀ ਖੂਨ ਨਾਲ ਹੈ। ਅੱਜ ਤੋਂ 92 ਸਾਲ ਪਹਿਲਾਂ ਪਹਿਲੀ ਮਈ 1886 ਨੂੰ ਅਮਰੀਕੀ ਮਜ਼ਦੂਰਾਂ ਨੇ ਅੱਠ ਘੰਟੇ ਦੀ ਦਿਹਾੜੀ ਲਈ ਸਾਰੇ ਅਮਰੀਕਾ ਵਿੱਚ ਜਨਰਲ ਹੜਤਾਲ ਕੀਤੀ,। ਇਸ ਹੜਤਾਲ ਦਾ ਦੁਨੀਆਂ ਦੇ ਇਨਕਲਾਬੀਆਂ ਨੇ ਸਮਰਥਨ ਕੀਤਾ। ਪਰ ਅਮਰੀਕੀ ਸਰਮਾਏਦਾਰੀ ਨੇਪਹਿਲੀ ਮਈ 1886 ਨੂੰ ਸ਼ਿਕਾਗੋ ਵਿੱਚ ਅੱਠ ਮਜ਼ਦੂਰ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਪੰਜਾਂ ਨੂੰ ਕਤਲ ਕੀਤਾ ਅਤੇ ਇਹ ਦਿਨ ਸਰਮਾਏਦਾਰੀ ਜ਼ੁਲਮ ਵਿਰੁੱਧ ਮਜ਼ਦੂਰ ਵਰਗ ਦੀ ਇਤਿਹਾਸਕ ਜੱਦੋ ਜਹਿਦ ਦਾ ਚਿੰਨ੍ਹ ਬਣ ਗਿਆ। ਇਹ ਦਿਨ ਤੇ ਖੂਨ ਨਾਲ ਖੇਡੀ ਹੋਲੀ ਦਾ ਦਿਨ ਮਜ਼ਦੂਰ ਜਮਾਤ ਦੀ ਅਮਿਟ ਏਕਤਾ, ਤਾਕਤ ਅਤੇ ਅਜ਼ਾਦੀ ਦਾ ਨਿਸ਼ਾਨ ਹੈ ਜੋ ਸਦਾ ਹੀ ਉਤਸ਼ਾਹ ਦਿੰਦਾ ਰਹੇਗਾ। ਇਸ ਤੋਂ ਉਤਸ਼ਾਹ ਲੈਣਾ ਹੈ ਕਿ ਇਸ ਬਦਕਾਰ, ਹਰਾਮਖੋਰ ਅਤੇ ਲੋਟੂ ਸਰਮਾਏਦਾਰੀ ਸਮਾਜ ਤੋਂ ਕਲਿਆਣ ਇਸ ਨੂੰ ਖਤਮ ਕਰਕੇ ਸਮਾਜਵਾਦ ਵਿੱਚ ਅਤੇ ਇਸ ਤੋਂ ਅੱਗੇ ਖੜਕ ਕੇ ਸਾਂਝੀਵਾਲਤਾ - ਕਮਿਊਨਿਜ਼ਮਵਿੱਚ ਹੀ ਹੋਵੇਗਾ।

ਸੋ ਮਈ ਦਿਨ ਸਰਮਾਏਦਾਰੀ ਦੇ ਕਨੇਡਾ, ਅਮਰੀਕਾ ਆਦਿ ਦੇ ਸਤੰਬਰ ਪਹਿਲੇ ਸੋਮਵਾਰ ਦੀ ਛੁਟੀ ਵਾਲੇ "ਮਜ਼ਦੂਰ ਦਿਵਸ" ਤੋਂ ਵੱਖਰਾ ਹੈ।

ਇਸ ਮਈ ਦਿਨ ਦੇ ਪਿਛੋਕੜ ਵਿੱਚ ਅਮਰੀਕੀ ਇਤਿਹਾਸ ਅਤੇ ਮਜ਼ਦੂਰ ਲਹਿਰ ਦਾ ਇਤਿਹਾਸ ਹੈ। ਅਮਰੀਕਾ ਦੀ ਸਿਵਲ ਵਾਰ (1865) ਤੋਂ ਪਿੱਛੋਂ ਮਜ਼ਦੂਰ ਕਿਸਾਨ ਦੀ ਲੁੱਟ ਰਾਹੀਂ ਧਨੀਆਂ ਨੇ ਦੌਲਤ ਇਕੱਠੀ ਕੀਤੀ। ਪਰ ਨਾਲ ਹੀ ਚੋਰ ਬਜ਼ਾਰੀ ਤ ਭਰਿਸ਼ਟਾਚਾਰ ਵੀ ਜੋਰਾਂ ਤੇ ਸੀ। ਆਰਥਿਕ ਅਵਸਥਾ ਡਾਂਵਾ ਡੋਲ ਸੀ। ਫਿਰ 1873 ਤੋਂ 1879 ਅਤੇ 1882 ਤੋਂ 1885 ਵਿੱਚ ਵੱਡੇ ਆਰਥਿਕ ਮੰਦਵਾੜਿਆਂ ਦੇ ਕਾਰਨ ਮਜਦੂਰਾਂ ਉਪਰ ਹਮਲੇ ਹੋਏ ਅਤੇ ਉਨ੍ਹਾਂ ਦੀਆਂ ਤਨਖਾਹਾਂ ਘਟਾਉਣ ਲਈ ਯਤਨ ਕੀਤੇ। ਜਿਸ ਦੇ ਕਾਰਨ ਮਜ਼ਦੂਰਾਂ ਨੇ ਖਾੜਕੂ ਹੜਤਾਲਾਂ ਕੀਤੀਆਂ ਅਤੇ ਫਿਰ ਸਰਮਾਏਦਾਰੀ ਦੀ ਪੁਲਿਸ, ਫੌਜ ਅਤੇ ਗੁੰਡਿਆਂ ਨਾਲ ਮਜ਼ਦੂਰਾਂ ਦੀਆਂ ਖੁਲ੍ਹੀਆਂ ਟੱਕਰਾਂ ਹੋਈਆਂ। ਇਸ ਦੌਰਾਨ ਹੀ ਦਿਹਾੜੀ ਦੇ ਘੰਟੇ ਘਟਾਉਣ ਦੀ ਜਦੋ ਜਹਿਦ ਆਰੰਭ ਹੋਈ। ਜਿਵੇਂ 1872 ਵਿੱਚ ਬਿਲਡਿੰਗ ਟਰੇਡ ਦੇ ਇੱਕ ਲੱਖ (100,000) ਕਾਮਿਆਂ ਨੇ ਅੱਠ ਘੰਟੇ ਦੀ ਦਿਹਾੜੀ ਲਈ ਨਿਊਯਾਰਕ ਵਿੱਚ ਹੜਤਾਲ ਕੀਤੀ।

ਇਸ ਰੈਡੀਕਲ ਮੰਗ ਦੀ ਸਰਮਾਏਦਾਰ ਅੱਡੀ ਚੋਟੀ ਦੇ ਜ਼ੋਰ ਨਾਲ ਵਿਰੋਧਤਾ ਕਰਦੇ ਸਨ 1886 ਵਿੱਚ ਅਮਰੀਕਾ ਵਿੱਚ ਦਸ ਘੰਟੇ ਦੀ ਦਿਹਾੜੀ ਸੀ ਅਤੇ ਹਫਤੇ ਵਿੱਚ ਛੇ ਦਿਨ ਕੰਮ ਕਰਨਾਂ ਪੈਂਦਾ ਸੀ। ਨਿਊਯਾਰਕ ਦੇ ਡਬਲਰੋਟੀ (ਜਾਂ ਨਾਨ ਬਾਈ-ਬੇਕਰੀ) ਬਿਸਕੁਟ ਆਦਿ ਮਜ਼ਦੂਰ ਹਫਤੇ ਵਿੱਚ 84 ਤੋਂ 120 ਘੰਟੇ ਹਫਤੇ ਵਿੱਚ ਕੰਮ ਕਰਦੇ ਸਨ। ਟਰਾਂਸਪੋਰਟ ਵਾਲੇ 84 ਘੰਟੇ ਹਫਤਾ ਆਦਿ।

1880 ਵੇਂ ਵਿੱਚ ਮਜ਼ਦੂਰਾਂ ਨੇ ਸਰਮਾਏਦਾਰੀ ਹਮਲਿਆਂ ਵਿਰੁੱਧ ਬਗਾਵਤ ਕੀਤੀ। ਅਮਰੀਕਾ ਦੇ ਵੱਡੇ ਟਰੇਡ ਯੂਨੀਅਨ ਕੇਂਦਰ - "ਨਾਈਟਸ ਆਫ ਲੇਬਰ" ਦੀ 1886 ਤੱਕ ਬਹੁਤ ਮੈਂਬਰਸ਼ਿਪ ਹੋਈ ਅਤੇ 1882 ਵਿੱਚ ਦੀ 43,000 ਤੋਂ 1886 ਵਿੱਚ ਵਧ ਕੇ 700,000 ਹੋ ਗਈ। ਇਸ ਸਮੇਂ ਹੀ 1884 ਵਿੱਚ ਛੇ ਮਹੀਨੇ ਲੰਬੀ ਕੋਇਲਾ ਹੜਤਾਲ ਹੋਈ 1885 ਵਿੱਚ ਲਕੜੀ ਕਾਮਿਆਂ ਦੀ ਸਫਲ ਹੜਤਾਲ ਪਰ ਬਹੁਤ ਸਾਰੀਆਂ ਤਸ਼ੱਦਦ ਵਿਰੁੱਧ ਅਸਫਲ ਭੀ ਰਹੀਆਂ। ਸੋ 1885-1886 ਵਿੱਚ ਅੱਠ ਘੰਟੇ ਦੀ ਦਿਹਾੜੀ ਲਈ ਲਹਿਰ ਚੱਲੀ ਤੇ ਇਸ ਦੀ ਪ੍ਰਾਪਤੀ ਲਈ ਪਹਿਲੀ ਮਈ 1886 ਦਾ ਦਿਨ ਜਨਰਲ ਹੜਤਾਲ ਦਾ ਦਿਨ ਮਿਥ ਲਿਆ ਗਿਆ।

ਅਮਰੀਕਾ ਦੀ "ਆਰਗੇਨਾਈਜ਼ਡ ਟਰੇਡ ਦੀ ਫੈਡਰੇਸ਼ਨ" ਅਤੇ ਕਨੇਡਾ ਅਤੇ ਅਮਰੀਕਾ ਦੀਆਂ "ਲੇਬਰ ਯੂਨੀਅਨਾਂ" ਨੇ 1884 ਦੀ ਕਨਵੈਨਸ਼ਨ ਵਿੱਚ ਅੱਠ ਘੰਟੇ ਦਾ ਮਤਾ ਪਾਸ ਕੀਤਾ ਸੀ। ਮਤਾ ਸੀ, "ਪਹਿਲੀ ਮਈ 1886 ਤੋਂ ਪਿੱਛੋਂ ਕਾਨੂੰਨੀ ਮਜ਼ਦੂਰ ਦਿਹਾੜਾ ਅੱਠ ਘੰਟੇ ਦਾ ਦਿਨ ਹੋਵੇਗਾ" ਪਰ ਪ੍ਰਾਪਤ

(ਬਾਕੀ ਸਫਾ 18 ਤੇ)

(ਸਫਾ 28 ਬਾਕੀ)

ਵੀ ਚੜਦੀ ਜਵਾਨੀ, ਕਾਲਜ ਸਮੇਂ ਇਨ-ਕਲਾਬੀ ਵਿਚਾਰਾਂ ਦੇ ਧਾਰਨੀ ਹੋ ਗਏ ਤੇ ਇਹਨਾਂ ਵਿਚਾਰਾਂ ਦੀ ਸਫਲਤਾ ਲਈ ਆਪਣੇ ਜੀਵਨ ਦੇ ਪੰਜਾਹ ਸਾਲ ਇਸ ਲੇਖੇ ਲਾ ਗਏ ।

ਸਾਥੀ ਸਰੀਂਹ ਤੇ ਸਾਥੀ ਰੰਧਾਵਾ ਹਮਜਮਾਤੀ ਸਨ । ਉਹ ਇਕਠੇ ਹੀ ਰਾਜਸੀ ਖੇਤਰ ਵਿਚ ਆਏ ਅਤੇ ਰਾਜਸੀ ਸੰਗਰਾਮ 'ਚ ਜੁਝਦੇ ਰਹੇ । ਇਕੱਠੇ ਹੀ ਲੁਧਿਆਣਾ ਜੇਲ੍ਹ 'ਚੋਂ 30 ਫੁਟ ਦੀ ਸੁਰੰਗ ਲਾਕੇ ਸਾਥੀ ਵਧਾਮਾ ਰਾਮ ਸਮੇਤ 1949 'ਚ ਬਾਹਰ ਆਏ ਤੇ ਗੁਪਤਵਾਸ ਰਹਿਕੇ ਜਥੇਬੰਦੀ ਉਸਾਰਨ ਦੇ ਕੰਮ ਵਿਚ ਜੁਟੇ ਰਹੇ ।

ਪੰਜਾਬ ਵਿਚ ਜਿੰਨੇ ਵੀ ਸੰਗਰਾਮ ਲਾਲ ਝੰਡੇ ਦੀ ਅਗਵਾਈ 'ਚ ਹੋਏ ਉਹਨਾਂ ਵਿਚ ਆਪ ਸ਼ਾਮਲ ਰਹੇ । ਇਹਨਾਂ ਕੁਝ ਕੁ ਦਾ ਵੇਰਵਾ ਇਹ ਹੈ :

1937 ਵਿਚ ਪਿੰਡਾਂ ਵਿਚ ਕਿਸਾਨ ਕਮੇਟੀਆਂ (ਸਭਾ) ਬਨਾਉਣੀਆਂ ਸ਼ੁਰੂ ਕੀਤੀਆਂ।

1938 ਵਿਚ ਦੁਆਬੇ ਦੇ ਖੂਹਾਂ ਦਾ ਪਾਣੀ ਬਹੁਤ ਥਲੇ ਚਲਾ ਗਿਆ ਤੇ ਫਸਲਾਂ ਸੁਕਣ ਲਗੀਆਂ । ਨਹਿਰ ਦੀ ਮੰਗ ਨੂੰ ਲੈਕੇ ਜਿਲਾ ਪੱਧਰ ਦਾ ਵੱਡਾ ਭਾਰੀ ਮੁਜਾਹਰਾ ਜਲੰਧਰ ਸ਼ਹਿਰ 'ਚ ਹੋਇਆ । ਇਸ ਵਿਚ ਸਾਥੀ ਸਰੀਂਹ ਪਿੰਡ ਤੋਂ ਇਕ ਸੋ ਦਾ ਜੱਥਾ ਲੈਕੇ ਸ਼ਾਮਲ ਹੋਏ ।

1939 ਨਵੇਂ ਬੰਦੋਬਸਤ ਰਾਹੀਂ ਲਾਹੌਰ ਜ਼ਿਲੇ ਦੇ ਕਿਸਾਨਾਂ ਤੇ ਮਾਮਲੀਏ ਦਾ ਮਾਰੂ ਬੋਝ ਲਦਣ ਵਿਰੁਧ ਲਗੇ ਮੋਰਚੇ ਵਿਚ ਆਪ 9 ਮਹੀਨੇ ਜੇਲ੍ਹ ਵਿਚ ਰਹੇ ।

1940 ਰਿਹਾ ਹੋਕੇ ਆਏ ਹੀ ਸਨ ਕਿ ਇਕ ਤੁਕਰੀਰ ਵਿਚ 6 ਮਹੀਨੇ ਕੈਦ ਕਟਣ ਉਪਰੰਤ ਪਿੰਡ ਨਜ਼ਰਬੰਦ ਰਹੇ । — ਦੂਸਰੀ ਸੰਸਾਰ ਜੰਗ ਸਮੇਂ ਵੱਖ ਵੱਖ ਜ਼ਿਹਲਾਂ 'ਚ ਨਜ਼ਰਬੰਦ ਰਹੇ।

1947 ਦੇ ਫਿਰਕੂ ਫਸਾਦਾਂ ਸਮੇਂ ਆਪ ਆਪਣੇ ਸਾਥੀਆਂ ਨਾਲ ਮਿਲਕੇ ਮੁਸਲਮਾਨਾਂ ਨੂੰ ਬਚਾਉਂਦੇ ਤੇ ਰਫਿਊਜੀ ਕੈਂਪ ਤਕ ਪੁਚਾਉਂਦੇ ਰਹੇ ।

ਲਾਲ ਕਮਿਊਨਿਸਟ ਪਾਰਟੀ ਬਨਾ-ਉਣ ਵਾਲਿਆਂ 'ਚੋਂ ਸਨ । ਕਾਫੀ ਸਮਾਂ ਸੂਬਾ ਕਮੇਟੀ ਮੈਂਬਰ ਰਹੇ । ਆਪ ਲਾਲ ਪਾਰਟੀ ਦੇ ਹਥਿਆਰਬੰਦ ਸੁਕਐਡ ਦੇ ਮੈਂਬਰ ਸਨ ਅਤੇ ਕਈ ਐਕਸ਼ਨਾਂ 'ਚ ਸਰ-ਗਰਮ ਹਿੱਸਾ ਲਿਆ ।

1952 ਜਲੰਧਰ ਸ਼ਹਿਰਦੇ ਨੇੜਿਉਂ ਗ੍ਰਿਫਤਾਰ ਕਰ ਲਏ ਗਏ । ਪਹਿਲਾਂ ਜੇਲ੍ਹ ਚੋਂ ਭਜਣ ਦੀ ਕੈਦ ਕੱਟੀ ਤੇ ਫਿਰ ਰਾਮ ਨਗਰ ਡਕੈਤੀ ਕੇਸ ਵਿਚ ਦੂਸਰੇ ਸਾਥੀਆਂ ਨਾਲ ਫਸਾ ਲਿਆ ਤੇ 1960 'ਚ 8 ਸਾਲ ਪਿਛੋਂ ਰਿਹਾ ਹੋਕੇ ਆਏ ।

1962-63 ਹਿੰਦ ਚੀਨ ਜੰਗ ਵੇਲੇ ਬਿਨਾ ਮੁਕਦਮਾ ਨਜ਼ਰਬੰਦ ਰਹੇ ।

1965-66 ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੰਜਾਬ ਸੂਬਾ ਕਮੇਟੀ ਦੇ ਐਕਟਿੰਗ ਸਕੱਤਰ ਰਹੇ ਅਤੇ ਗੁਪਤਵਾਸ ਰਹਿਕੇ ਕੰਮ ਕਰਦੇ ਰਹੇ ।

ਖੁਸ਼ ਹੈਸੀਅਤੀ ਟੈਕਸ ਵਿਰੋਧੀ ਅਤੇ ਮੰਡ ਦੇ ਅਬਾਦਕਾਰਾਂ ਨੂੰ ਸਰਕਾਰੀ ਬੀਜ ਫਾਰਮ ਦੇ ਨਾਂ ਤੇ ਉਜਾੜੇ ਵਿਰੁਧ ਲੜੇ ਗਏ ਘੋਲਾਂ ਵਿਚ ਆਪ ਦਾ ਉਘਾ ਹਿਸਾ ਰਿਹਾ। ਜਲੰਧਰ ਸ਼ਹਿਰ 'ਚ ਸਨਅਤੀ ਮਜਦੂਰਾਂ ਨੂੰ ਜਥੇਬੰਦ ਕਰਨ ਅਤੇ ਸੀਟੂ ਉਤੇ ਪ੍ਰਸ਼ਾਸਨ ਦੀ ਸ਼ਹਿ ਨਾਲ ਮਾਲਕਾਂ ਵਲੋਂ ਗੁੰਡਿਆਂ ਰਾਹੀਂ ਕੀਤੇ ਜਾਂਦੇ ਅੰਨੇ ਤਸ਼ਦਦ ਦਾ ਮੁਕਾਬਲਾ ਕਰਨ ਦੀ ਉਹਨਾਂ ਦੀ ਯੋਗਤਾ ਤੋਂ ਮਜਦੂਰ ਜਮਾਤ ਹਮੇਸ਼ਾਂ ਪ੍ਰੇਰਨਾ ਲੈਂਦੀ ਰਹੇਗੀ ।

ਉਹਨਾਂ ਦਾ ਕੁਰਬਾਨੀ ਭਰਿਆ ਜੀਵਨ ਸਾਨੂੰ ਸਦਾ ਉਤਸ਼ਾਹ ਦਿੰਦਾਰਹੇਗਾ।

ਅਸੀਂ ਜੰਗਲ ਨਹੀਂ —
ਜੋ ਅੱਗਾਂ ਸਾਹਮਣੇ —
ਲਟ - ਲਟ ਮੱਚਾਂਗੇ ।
ਅਸੀਂ ਵਗਦੇ ਦਰਿਆ ਹਾਂ
ਜੋ ਅੱਗਾਂ ਦੀ ਮੌਤ ਨੇ ।

(ਸਫਾ 30 ਦੀ ਬਾਕੀ)

ਕਮਿਸ਼ਨਰ ਕੋਲ ਜਾ ਕੇ ਸੈਲਿਊਟ ਮਾਰਿਆ ਤੇ ਕਿਹਾ, "ਜਨਾਬ, ਫੜ ਲਿਆ ਦੂਜੇ ਨੂੰ ਵੀ ।"

ਤੇ ਇਕ ਇਕ ਪੌੜੀ ਚੜ੍ਹਦੀ ਖਬਰ ਆਖਰ ਮਨਿਸਟਰ ਸਾਹਿਬ ਕੋਲ ਵੀ ਜਾ ਪਹੁੰਚੀ । ਬਾਕਾਇਦਾ ਤਸ਼ਤਰੀ ਵਿਚ ਸਜਾ ਕੇ ਪੇਸ਼ ਕੀਤੀ ਗਈ ।

ਫੜਿਆ ਗਿਆ ਦੂਜਾ ਡਾਕੂ ਵੀ !

ਮਨਿਸਟਰ ਸਾਹਿਬ ਮੁਤਮਈਅਨ ਹੋ ਗਏ, ਕਿਉਂਕਿ ਉਹਨਾਂ ਦੇ ਸਹੁਰਾ ਸਾਹਿਬ ਮੁਤਮਈਅਨ ਹੋ ਗਏ ਸਨ ।

ਕਿਉਂ ਨਹੀਂ ! ਆਖਰ ਕੋਈ ਕਾਨੂੰਨ ਏ ਮੁਲਕ ਵਿਚ ! ਐਵੇਂ ਤੇ ਨਹੀਂ ਏਡਾ ਵੱਡਾ ਮੁਲਕ ਚੱਲਦਾ !

ਅਗਲੇ ਦਿਨ ਖੁਦ ਪਰਾਈਮ ਮਨਿਸਟਰ ਨੇ ਮਨਿਸਟਰ ਸਾਹਿਬ ਕੋਲੋਂ ਪੁੱਛਿਆ, "ਉਹ ਪਤਾ ਲੱਗਾ ਤੁਹਾਡੇ ਸਹੁਰਾ ਸਾਹਿਬ ਦੇ ਡਾਕੇ ਦਾ ?"

"ਜੀ, ਫੜਿਆ ਗਿਆ ਦੂਜਾ ਡਾਕੂ ਵੀ । ਇਕ ਤਾਂ ਪਿਛਲੇ ਹਫਤੇ ਹੀ ਫੜਿਆ ਗਿਆ ਸੀ ।"

ਪਰਾਈਮ ਮਨਿਸਟਰ ਮੁਸਕਰਾਏ । ਮੁਤਮਈਅਨ ਹੋ ਗਏ ਕਿ ਮੁਲਕ ਦਾ ਇੰਤਜ਼ਾਮ ਠੀਕ ਠਾਕ ਚੱਲ ਰਿਹਾ ਏ । ਲੋਕਾਂ ਦਾ ਕੀ ਏ, ਐਵੇਂ ਰੌਲਾ ਪਾਈ ਰੱਖਦੇ ਨੇ !


MURRICK INSURANCE SERVICES LTD

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

ICBC AUTOPLAN: New licence plates, Decal renewal, Transfer of ownership, New registrations, Change of coverage
GENERAL: Homeowners, Tenants package, Mobile Home, Travel insurance, Boat
LIFE: Term Insurance, Mortgage, Business, Non-smokers diet

Autoplan AUTHORIZED AGENT
SENIORS DISCOUNT
OPEN 9 to 5 (Mon.-Fri.)
10-3 Sat.
6415 Main St., at 48th Vancouver
Call NARWAL 325-4744
325-4744

Autoplan

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
*Conveyancing *Power of Attorney
*To prepare mortgages *Basic Will
*To prepare contracts *Immigration
*Translation *Adoption, Etc.
*Affidavits
6415 Main St., (at 48th Ave.), Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.
6415 MAIN ST. (at 48th., AVE
VANCOUVER, B.C.

# ਮੈਂ ਨਹੀਂ ਇਕੱਲੀ !

—ਦਰਸ਼ਨ ਸਿੰਘ ਮਾਸਟਰ

ਮਹਿਰਮ ਮੇਰੇ ਹਾਲ ਦਾ ਤੱਤੜੀ ਦਾ ਮਾਹੀ
ਚੜ੍ਹਦੀ ਉਮਰੇ ਹੋ ਗਿਆ ਦੁਨੀਆਂ ਤੋਂ ਰਾਹੀਂ
ਫਰਜ਼ ਨਿਭੋਂਦਾ ਕਲਾ ਦੇ ਖੜ ਲੋਕਾਂ-ਬਾਹੀ
ਜਾਨ ਦੀ ਬਾਜ਼ੀ ਲਾ ਗਿਆ ਇਕ ਵਤਨ-ਸਪਾਹੀ
ਲੜਦੇ ਘੁਲਦੇ ਸੂਰਮੇ ਸੰਗ ਤਾਨਾ ਸ਼ਾਹੀ
ਕਲਮ ਡਬੋ ਕੇ ਖ਼ੂੰਨ ਵਿਚ ਇਕ ਰੇਖਾ ਵਾਹੀ
ਰੇਖਾ ਉਤੇ ਆ ਖੜੇ 'ਜਨ' ਵਾਹੋ ਦਾਹੀ
ਮੌਤ ਲੁਟੇਰੇ ਵਰਗ ਦੀ ਜਿਉਂ ਵੱਜੀ ਟੱਲੀ
ਵੇ ਮੇਰੇ ਕਿਰਤੀ ਵੀਰਨੋ ! ਮੈਂ ਨਹੀਂ ਇਕੱਲੀ

———

ਲੋਕਾਂ ਜਾਇਆ ਹਾਸ਼ਮੀ ਲੋਕਾਂ ਵਿਚ ਖੜ ਕੇ
ਨਾਹਰੇ ਮਾਰੇ ਹੱਕ ਦੇ ਜਿਉਂ ਬਿਜਲੀ ਕੜਕੇ
ਕੰਧਾਂ 'ਤੇ ਜੋ ਲਿਖੀਆਂ ਤਹਿਰੀਰਾਂ ਪੜ੍ਹ ਕੇ
ਆਖੇ ਕਿਰਤੀ ਦੋਸਤੋ ! ਹੱਕ ਮਿਲਦੇ ਲੜ ਕੇ
ਖੜ੍ਹ ਜਾਵੋ ਹਥਿਆਰ ਜੋ 'ਏਕੇ' ਦਾ ਫੜ੍ਹ ਕੇ
ਮਰਨੈ ਓਰ ਲੁਟੇਰਿਆਂ ਨੇ ਮੂਹਰੇ ਅੜ੍ਹ ਕੇ ;
ਚਰਖਾ ਗੇੜ ਸੰਘਰਸ਼ ਦਾ ਉਸ ਕੱਤੀ ਛੱਲੀ
ਅਣੀਉ ਸੰਗ-ਸਹੇਲੀਉ ! ਮੈਂ ਨਹੀਂ ਇਕੱਲੀ

———

ਵਾਂਗ ਮਿਰੇ ਮਹਿਬੂਬ ਦੇ ਫਨਕਾਰ ਹਜ਼ਾਰਾਂ
ਕਿਰਤ ਕਲਾ ਦੇ ਸਿਰਜਦੇ ਸ਼ਾਹਕਾਰ ਹਜਾਰਾਂ
ਆਪਾ ਵਾਰੂ ਸੂਰਮੇ ਕਿਰਦਾਰ ਹਜਾਰਾਂ
ਜੀਂਦੇ ਹਾਲੇ 'ਹਾਸ਼ਮੀ' ਦੇ ਯਾਰ ਹਜਾਰਾਂ
ਮੇਰੇ ਜੇਹੀਆਂ ਜੋਗਣਾਂ ਗਮਖਾਰ ਹਜਾਰਾਂ
ਮੇਰੇ ਵਾਂਗੂੰ ਗੌਂਦੀਆਂ ਦਰਦਾਂ ਦੀਆਂ ਵਾਰਾਂ



ਸੁਣ ਸੁਣ ਲੱਖਾਂ 'ਹਾਸ਼ਮੀ' ਪੈਂਦੇ ਘੁਮਕਾਰਾਂ
ਲੱਖਾਂ ਮਾਵਾਂ ਰੁੰਨੀਆਂ ਲੱਖਾਂ ਮੁਟਿਆਰਾਂ
ਕਰਨ ਸਿਆਪਾ 'ਜਬਰ' ਦਾ ਆ ਵਿਚ ਬਜ਼ਾਰਾਂ
ਗਮ ਦੀ ਇਸ ਆਂਵਾਜ਼ ਨੂੰ ਚੜ੍ਹ ਚੰਡੀ ਚੱਲੀ
ਦਰਦ-ਰੰਜਾਣੀ ਨਾਰੀਉ ! ਮੈਂ ਨਹੀਂ ਇਕੱਲੀ

———

ਮੈਂ ਸਦਕੇ ਤੇਰੇ ਨਾਮ ਤੋਂ ਮੇਰੇ ਦਿਲਦਾਰਾ !
ਤੂੰ ਕਾਜ਼ ਨਿਭਾਇਐ ਸੁਹਣਿਆ ! ਇੱਕ ਵੱਡਾ ਸਾਰਾ
ਤੂੰ ਇਲਮ ਅਕਲ ਦਾ ਮਾਰਿਆ ਐਸਾ ਝਲਕਾਰਾ
ਕਿ ਡਰਦਾ ਥਰ ਥਰ ਕੰਬਿਆ ਸੱਤਾ ਅੱਧਕਾਰਾ
ਤੇ ਹਰ ਇਕ ਨੇਮ ਕਾਨੂੰਨ ਤੋਂ ਕਰ ਗਿਆ ਕਨਾਰਾ
ਫਿਰ ਹੁੰਦਾ ਹੁੰਦਾ ਹੋ ਗਿਆ ਹਲਕਾ ਹੱਤਿਆਰਾ
ਸੀ ਕਾਤਲ ਸ਼ਾਇਦ ਸਮਝਿਆ ਤੂੰ ਕੱਲਾ ਕਾਰਾ
ਪਰ ਤੇਰਾ ਉਹ ਕੀ ਜਾਣਦਾ ਨਹੀਂ ਪਾਰਾਵਾਰਾ
ਤੂੰ ਨਈਂ ਪਰ ਲੱਖਾਂ 'ਹਾਸ਼ਮੀ' ਪੌਂਦੇ ਤਰਥੱਲੀ
ਮੈਂ ਨਹੀਂ ਇਕੱਲੀ ਮਹਿਰਮਾ ! ਮੈਂ ਨਹੀਂ ਇਕੱਲੀ

———

ਹੁਨਰ, ਹੁਸਨ ਦੇ ਆਸ਼ਕਾ ! ਮੈਂ ਸਦਕੇ ਜਾਵਾਂ
ਮੇਰੇ ਦਿਲਬਰ ਜਾਨੀਆਂ ! ਤੇਰਾ ਸਰਨਾਵਾਂ
ਘਰ ਘਰ ਦੇ ਵਿਚ ਬੋਲਦਾ ਵਿਚ ਲੋਕ-ਕਥਾਵਾਂ
ਬਾਲ੍ਹਾਂ ਦੇ ਨਾਂ 'ਹਾਸ਼ਮੀ' ਹੁਣ ਰੱਖਣ ਮਾਵਾਂ
ਸੱਚ, ਨਿਆਂ ਦੇ ਪਾਹਰੂਆਂ ! ਮੈਂ ਕਰਾਂ ਦੁਆਵਾਂ
ਮੁੜ ਮੁੜ ਇਸ ਸੰਸਾਰ ਤੇ ਸੌ ਵਾਰੀ ਆਵਾਂ
ਢੂੰਡ ਢੂੰਡਾ ਕੇ 'ਹਾਸ਼ਮੀ' ਗਲ ਬਾਹਵਾਂ ਪਾਵਾਂ
ਕਬਰੀ—ਸੁਤੇ ਸੁਹਣਿਆ ! ਵੇ ਰੱਖ ਤਸੱਲੀ !!
ਤੂੰ ਲੂੰ ਲੂੰ ਮੇਰੇ ਵਿਚ ਵੇ ! ਮੈਂ ਨਹੀਂ ਇਕੱਲੀ

———

ਹਰ ਇੱਕ ਝੁੱਗੀ ਝੋਪੜੀ ਲੈਂਦੀ ਅੰਗੜਾਈਆਂ
ਸੱਥਾਂ, ਗਲੀਆਂ, ਵਿਹੜਿਆਂ ਨੇ ਭਵਾਂ ਚੜ੍ਹਾਈਆਂ
ਸਦੀਆਂ ਦੇ ਗਮਰੁਠਿਆਂ ਰਲ ਭਾਈਆਂ ਭਾਈਆਂ
ਮੁੱਕੇ ਵੱਟੇ ਕਿਰਤੀਆਂ ਬਾਹਵਾਂ ਲਹਿਰਾਈਆਂ
ਰੁੰਨੇ 'ਨੁੱਕਰ-ਨਾਟਕਾਂ' ਨੇ ਕਸਮਾਂ ਪਾਈਆਂ
ਹੂੰਝ ਕਵਾੜਾ ਨਰਕ ਦਾ ਕਰ ਦੇਣ ਸਫਾਈਆਂ
ਬੱਧੇ ਲੱਕ ਸੰਘਰਸ਼ ਲਈ ਉਪਜਾਂ ਦੇ ਸਾਈਆਂ
ਦਰਦਾਂ ਦੀਆਂ ਹੋਣੀਆਂ ਉਸ ਵਕਤ ਦਵਾਈਆਂ
ਸਤਾ ਜਿਸ ਦਿਨ ਮੇਹਨਤੀ ਲੋਕਾਂ ਨੇ ਮੱਲੀ
ਪਰਚਮ ਲੈ ਮਹਿਬੂਬ ਦਾ ਮੈਂ ਝੂਜਣ ਚੱਲੀ
ਸੱਥੋ ! ਗਲੀਉਂ ! ਵਿਹੜਿਉਂ ! ਮੈਂ ਨਹੀਂ ਇਕੱਲੀ

# ਪਾਪੂਲਰ ਓਕ ਐਂਡ ਪਾਈਨ ਕਰਾਫਟ ਲਿਮਿ:

# POPULAR

## Oak and Pine Craft Ltd.

7935 - 128th Street, SURREY, B.C.

**Ph. 596-1216**



ਅਸੀਂ ਆਪਣੀ ਫੈਕਟਰੀ ਵਿਚ ਬੈਡਰੂਮ ਸੁਈਟਾਂ, ਸੋਫਾ ਸੈਟਜ਼ ਡਾਇਨਿੰਗ ਰੂਮ ਸੁਈਟਜ਼ ਅਤੇ ਹੋਲਸੇਲ ਦੀਆਂ ਕੀਮਤਾਂ ਤੇ ਲਾ ਦਿੱਤੀਆਂ ਹਨ । ਇਹੋ ਜਿਹੇ ਸ਼ਾਨਦਾਰ ਮੌਕੇ ਦਾ ਫਾਇਦਾ ਉਠਾਓ ।

**ਵੈਨਕੂਵਰ ਵਿਚ ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ**



# ਸਿੱਧੇ ਫੈਕਟਰੀ 'ਤੇ ਪਹੁੰਚੋ

## ਤੇ ਮਨਮਰਜ਼ੀ ਦਾ ਫਰਨੀਚਰ ਖ਼੍ਰੀਦੋ

# ਰੰਗ-ਬਰੰਗੀਆਂ ਸੇਲਾਂ ਤੋਂ ਬਚੋ

(ਸਫਾ 15 ਦੀ ਬਾਕੀ)

ਕਰਨ ਦੇ ਢੰਗ ਬਾਰੇ ਕੋਈ ਗੱਲ ਨਹੀਂ ਸੀ। ਭਾਵੇਂ ਅਮਰੀਕਨ ਫੈਡਰੇਸ਼ਨ ਦੀ ਮੈਂਬਰ ਸ਼ਿਪ ਇੱਕ ਲੱਖ ਸੀ ਪਰ ਇਸ ਦੀ ਕਨਵੈਨਸ਼ਨ ਵਿੱਚ ਸਿਰਫ 25 ਡੈਲੀਗੇਟ ਹੀ ਆਏ ਸਨ।

ਪਹਿਲੀ ਮਈ ਦਿਹਾੜਾ ਆ ਪਹੁੰਚਾ ਅਤੇ ਅਮਰੀਕਾ ਵਿੱਚ ਪੰਜ ਲੱਖ ਮਜ਼ਦੂਰਾਂ ਨੇ ਇਸ ਦਿਨ ਹੜਤਾਲ ਕੀਤੀ। ਸ਼ਿਕਾਗੋ ਖਾੜਕੂ ਅਮਲ ਦਾ ਕੇਂਦਰ ਸੀ ਜਿਵੇਂ ਉਸ ਸਮੇਂ ਦੇ ਅਖਬਾਰ ਨੇ ਲਿਖਿਆ, "ਮਿੱਲਾਂ ਅਤੇ ਫੈਕਟਰੀਆਂ ਦੀਆਂ ਚਿਮਨੀਆਂ ਵਿਚੋਂ ਉਸ ਦਿਨ ਧੂੰਆਂ ਨਾ ਨਿਕਲਿਆ।" ਸ਼ਿਕਾਗੋ ਦੀਆਂ ਗਲੀਆਂ ਵਿੱਚ ਅੱਸੀ ਹਜ਼ਾਰ ਕਾਮਿਆਂ ਨੇ ਮਾਰਚ ਕੀਤਾ ਅਤੇ ਦੂਜੇ ਪਾਸੇ ਪੁਲਿਸ, ਰਜ਼ਾਕਾਰੀ ਫੌਜ (ਮਲੇਸ਼ੀਆ) ਅਤੇ ਪਿੰਕਰਟਨ ਦੀ ਪ੍ਰਾਈਵੇਟ ਪੁਲਿਸ ਰਫਲਾਂ ਨਾਲ ਲੈਸ ਹਰ ਕੋਨੇ ਉਤੇ ਖੜ੍ਹੀ ਸੀ। ਸਾਰੇ ਸ਼ਹਿਰਾਂ ਵਿੱਚ ਰੈਲੀਆਂ ਹੋਈਆਂ। ਪੁਲਿਸ ਵਾਲੇ ਭੜਕਾਉਣ ਤੋਂ ਅਸਫਲ ਰਹੇ ਅਤੇ ਅਮਨ ਅਮਾਨ ਨਾਲ ਦਿਹਾੜਾ ਪੰਜ ਦੇ ਕਤਲ ਨਾਲ ਖਤਮ ਹੋਇਆ। ਕਈ ਕੰਪਨੀਆਂ ਨੇ ਤਾਂ ਹੜਤਾਲ ਦੇ ਸਿੱਟੇ ਵਜੋਂ ਅੱਠ ਘੰਟੇ ਦੀ ਦਿਹਾੜੀ ਮੰਨ ਲਈ। ਪਰ ਵੱਡੇ ਧਨੀਆਂ ਨੇ ਇਸ ਦੀ ਵਿਰੋਧਤਾ ਕੀਤੀ, ਮਜ਼ਦੂਰਾਂ ਨੂੰ ਧਮਕਾਇਆ ਅਤੇ ਤਾਲਾਬੰਦੀਆਂ ਕੀਤੀਆਂ। ਸ਼ਿਕਾਗੋ ਵਿੱਚ 1886 ਦੇ ਆਰੰਭ ਤੋਂ ਹੀ ਮਜ਼ਦੂਰਾਂ ਦੀਆਂ ਸਰਮਾਏਦਾਰ ਕੰਪਨੀਆਂ ਨਾਲ ਝੜੱਪਾਂ ਰਹੀਆਂ ਸਨ। ਮਾਰਚ ਅਪਰੈਲ 1886 ਵਿੱਚ ਪੁਲਿਸ ਦਗੜ ਦਗੜ ਕਰਦੀ ਗਲੀਆਂ ਵਿੱਚ ਗਸ਼ਤ ਕਰਦੀ ਰਹਿੰਦੀ ਅਤੇ ਮਜ਼ਦੂਰ ਮੀਟਿੰਗਾਂ ਉਪਰ ਹਮਲੇ ਕਰਦੀ। ਮਜ਼ਦੂਰ ਲਹਿਰ ਨੂੰ ਦਬਾਉਣ ਲਈ ਪਿੰਕਰਟਨ ਦੀ ਪ੍ਰਾਈਵੇਟ ਪੁਲਿਸ ਦੀ ਆਮ ਵਰਤੋਂ ਕੀਤੀ ਗਈ। ਮਜ਼ਦੂਰ ਝੰਡਾ ਖੂਨ ਦੇ ਲਾਲ ਰੰਗ ਨਾਲ ਰੰਗਿਆ ਗਿਆ।

ਮਿਕਕਾਰਮਿਕ ਸਰਮਾਏਦਾਰ ਨੇ ਆਪਣੇ ਹਰਵੈਸਟਰ ਪਲਾਂਟ ਵਿੱਚ ਯੂਨੀਅਨ ਮੰਨਣ ਤੋਂ ਨਾਂਹ ਅਤੇ ਮਰਜ਼ੀ ਨਾਲ ਰੱਖਣ ਅਤੇ ਹਟਾਉਣ ਦਾ ਹੱਕ ਜਿਤਾਇਆ। ਫਿਰ ਹੜਤਾਲ ਵਿਰੋਧੀ ਮਜ਼ਦੂਰਾਂ ਨੂੰ ਵਰਤਿਆ ਅਤੇ ਇੰਨ੍ਹਾਂ ਹੜਤਾਲ ਤੋੜੂ ਮਜ਼ਦੂਰਾਂ ਦੀ ਰਾਖੀ ਲਈ ਸੈਂਕੜੇ ਪੁਲਸੀਏ ਸੱਦੇ। ਪਿੱਛੋਂ ਤਿੰਨ ਮਈ ਨੂੰ ਮਜ਼ਦੂਰ ਰੈਲੀ ਉਪਰ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਇੱਕ ਮਜ਼ਦੂਰ ਮਰਿਆ, ਛੇ ਸਖਤ ਜ਼ਖਮੀਂ ਅਤੇ ਹੋਰ ਬਹੁਤਿਆਂ ਦੇ ਸੱਟਾਂ ਫੇਟਾਂ ਲੱਗੀਆਂ। ਇਸ ਵਜੋਂ ਸ਼ਿਕਾਗੋ ਦੇ ਮਜ਼ਦੂਰਾਂ ਨੂੰ ਚਾਰ ਮਈ ਨੂੰ ਫਿਰ ਸ਼ਿਕਾਗੋ ਦੇ "ਹੇ ਮਾਰਕਿਟ ਸੁਕੇਅਰ" ਮਜ਼ਦੂਰ ਪ੍ਰੋਟੈਸਟ ਮੀਟਿੰਗ ਹੋਈ। ਪੁਲਿਸ ਨੇ ਖਿਲਰਣ ਅਤੇ ਚਲੇ ਜਾਣ ਲਈ ਆਖਿਆ। ਉਸ ਵਿੱਚ ਸਰਮਾਏਦਾਰਾਂ ਨੇ ਦੱਲੇ ਅਜੰਟ ਰਾਹੀਂ ਖੜ੍ਹੀ ਪੁਲਿਸ ਵਿੱਚ ਬੰਬ ਸੁਟਵਾ ਦਿੱਤਾ ਤਾਂ ਕਿ ਮਜ਼ਦੂਰਾਂ ਉਪਰ ਹਮਲਾ ਕਰਨ ਦਾ ਬਹਾਨਾ ਮਿਲੇ। ਇਸ ਨੇ ਪੁਲਿਸ ਨੇ ਅੰਨੇ ਵਾਹ ਗੋਲੀ ਚਲਾਈ ਅਤੇ ਦਰਜਨਾਂ ਹੀ ਮਜ਼ਦੂਰ ਮਾਰ ਦਿੱਤੇ। ਸਰਮਾਏਦਾਰ ਦੇ ਦੱਲੇ ਅਜੰਟ ਦੇ ਬੰਬ ਨਾਲ ਕੁਝ ਪੁਲਸੀਏ ਮਰੇ ਸਨ - ਇਸ ਸਿਟੇ ਵਜੋਂ ਪ੍ਰੈਸ, ਸਰਮਾਏਦਾਰਾਂ ਅਤੇ ਧਾਰਮਿਕ ਆਗੂਆਂ ਨੇ ਮਜ਼ਦੂਰ ਵਿਰੋਧੀ ਰੋਹ ਪੈਦਾ ਕਰਨ ਅਤੇ ਪੁਲਿਸ ਮੌਤਾਂ ਦਾ ਬਦਲਾ ਲੈਣ ਲਈ ਖੂਬ ਪ੍ਰਚਾਰ ਕੀਤਾ ਅਤੇ ਗੁੱਡਾ ਬੰਨਿਆ ਪਰ ਦੂਜੇ ਪਾਸੇ ਮਜ਼ਦੂਰਾਂ ਉਤੇ ਅਤਿਆਚਾਰ, ਗੋਲੀ ਕਾਂਢ ਅਤੇ ਉਨ੍ਹਾਂ ਦੀਆਂ ਲਹੂ ਦੀਆਂ ਨਦੀਆਂ ਦਾ ਭੋਗ ਨਾ ਪਾਇਆ। ਸ਼ਿਕਾਗੋ ਵਿੱਚ ਮਜ਼ਦੂਰ ਹਲਕਿਆਂ ਵਿੱਚ ਨੀਮ ਫਾਸ਼ੀ ਜਬਰ ਅਤੇ ਡਰ ਦੀ ਮੁਹਿੰਮ ਚਲਾਈ। ਅਗਾਂਹ ਵਧੂਆਂ ਨੂੰ ਫੜ੍ਹਿਆ ਅਤੇ ਖੂਬ ਕੁੱਟ ਮਾਰ ਕੀਤੀ ਅਤੇ ਪ੍ਰਾਈਵੇਟ ਘਰ ਤੇ ਉਨ੍ਹਾਂ ਦੇ ਛਾਪੇ ਖਾਨੇ ਤੋੜੇ। ਨਿਯਮ ਇਹ ਬਣ ਗਿਆ ਕਿ "ਪਹਿਲਾਂ ਰੇਡ ਕਰੋ ਅਤੇ ਕਾਨੂੰਨ ਦੀ ਗੱਲ ਕਰੋ।"

27 ਮਈ 1886 ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਨਾਮ ਉਤੇ 31 ਬੰਦੇ ਫੜੇ। ਅੱਠ ਉਪਰ ਇੱਕ ਦਮ ਮੁਕੱਦਮਾ ਚਲਾਇਆ ਅਤੇ ਉਹ ਅੱਠ ਬੰਦੇ ਸਮਾਜਵਾਦੀ ਖਿਆਲਾਂ ਲਈ ਜਾਣੇ ਜਾਂਦੇ ਸਨ। ਮੁਕੱਦਮੇ ਸਮੇਂ ਜਿਊਰੀ ਅੱਗੇ ਸਰਕਾਰੀ ਵਕੀਲ ਨੇ ਇਉਂ ਆਖਿਆ, "ਕਾਨੂੰਨ ਦੀ ਅਜ਼ਮਾਇਸ਼ ਹੈ। ਹਫਰਾ ਦਫਰੀ (ਅਨਾਰਕੀ) ਦੀ ਅਜ਼ਮਾਇਸ਼ ਹੈ। ਇਹ ਆਦਮੀ ਚੁਣ ਲਏ ਹਨ ਅਤੇ ਗਰਾਂਡ ਜਿਊਰੀ ਦੇ ਸਾਹਮਣੇ ਚੁਣੇ ਹਨ ਅਤੇ ਉਹਨਾ ਉਪਰ ਦੂਸ਼ਨ ਲਾਏ ਹਨ ਕਿਉਂਕਿ ਇਹ ਲੀਡਰ ਸਨ। ਇਹ ਉਨ੍ਹਾਂ ਹਜ਼ਾਰਾਂ ਤੋਂ ਵੱਧ ਦੋਸ਼ੀ ਨਹੀਂ ਜਿਹੜੇ ਇਹਨਾਂ ਦੇ ਪਿੱਛੇ ਤੁਰਦੇ ਹਨ। ਜਿਊਰੀ ਦੇ ਸ੍ਰੀ ਮਾਣ ਸਰਦਾਰੋ, ਇੰਨ੍ਹਾਂ ਨੂੰ ਕਸੂਰਵਾਰ ਠਹਿਰਾਓ, ਇਹਨਾਂ ਦੀ ਇੱਕ ਮਿਸਾਲ ਕਾਇਮ ਕਰ ਦਿਓ, ਇੰਨ੍ਹਾਂ ਨੂੰ ਫਾਂਸੀ ਦਿਓ ਅਤੇ ਆਪਣੇ ਸਮਾਜ ਅਤੇ ਆਪਣੇ ਅਦਾਰਿਆਂ ਨੂੰ ਇੰਨ੍ਹਾਂ ਤੋਂ ਬਚਾਓ।" ਇੱਕ ਨੂੰ ਪੰਦਰਾਂ ਸਾਲ ਅਤੇ ਬਾਕੀ ਦਿਆਂ ਨੂੰ ਫਾਂਸੀ ਪਰ ਸਜਾ ਪਿੱਛੋਂ ਇੰਨ੍ਹਾਂ ਅੱਠਾਂ ਨੇ ਕਚਹਿਰੀ ਨੂੰ ਤਿੰਨ ਦਿਨ ਸੰਬੋਧ ਕਰਨ ਸਮੇਂ ਸਰਮਾਏਦਾਰ ਕੋਰਟ ਦੇ ਜਮਾਤੀ ਖਾਸੇ ਦੇ ਪਰਖਚ ਉਡਾ ਦਿੱਤੇ ਅਤੇ ਦੁਨੀਆਂ ਭਰ ਵਿੱਚ ਥਲਕਾ ਮਚਾ ਦਿੱਤਾ। ਅਗਸਤ ਸਪਾਈਸ ਨੇ ਇਉਂ ਲਿਖਿਆ :-"ਜਨਾਬ ਇਸ ਕੋਰਟ ਨੂੰ ਸੰਬੋਧਨ ਕਰਨ ਸਮੇਂ ਇੱਕ ਜਮਾਤ ਦਾ ਨੁਮਾਇਦਾ ਦੂਜੀ ਜਮਾਤ ਦੇ ਨੁਮਾਇਦੇ ਨਾਲ ਗੱਲ ਕਰ ਰਿਹਾ ਹਾਂ ਜੇ ਤੁਸੀਂ ਇਹ ਸੋਚਦੇ ਹੋ ਕਿ ਸਾਨੂੰ ਫਾਂਸੀ ਦੇਣ ਨਾਲ ਮਜ਼ਦੂਰ ਲਹਿਰ ਦਾ ਸਫਾਇਆ ਕਰ ਦਿਓਗੇ - ਉਹ ਲਹਿਰ ਜਿਸ ਵਿਚੋਂ ਲੱਖਾਂ ਦੱਬੇ ਕੁਚਲੇ ਉਠਦੇ, ਉਹ ਦੱਬੇ ਲੱਖਾਂ ਲੋਕ ਜੋ ਗਰੀਬੀ ਵਿੱਚ ਮਿਹਨਤ ਕਰਦੇ ਅਤੇ ਗਰੀਬੀ ਤੋਂ ਛੁਟਕਾਰਾ ਚਾਹੁੰਦੇ ਹਨ - ਤੇ ਜੇ ਤੁਹਾਡਾ ਵਿਚਾਰ ਹੈ ਤਾਂ ਸਾਨੂੰ ਫਾਂਸੀ ਦਿਓ! ਹੁਣ ਤੁਸੀਂ ਇਥੇ ਚੰਗਿਆੜੀ ਉਤੇ ਪੈਰ ਧਰੋਗੇ ਪਰ ਉਥੇ ਤੇ ਉਥੇ ਤੁਹਾਡੇ ਪਿੱਛੇ ਤੁਹਾਡੇ ਅੱਗੇ ਅਤੇ ਹਰ ਥਾਂ ਅੱਗ ਦੇ ਭਾਂਬੜ ਬਲਣਗੇ। ਇਹ ਜਮੀਨ ਦੇ ਹੇਠਾਂ ਅੱਗ ਹੈ। ਤੁਸੀਂ ਇਸ ਨੂੰ ਬੁਜਾ ਨਹੀਂ ਸਕਦੇ।"

ਦੁਨੀਆਂ ਵਿੱਚ ਹਾਹਾਕਾਰ ਮੱਚ ਗਈ। ਉਨ੍ਹਾਂ ਦੀ ਰਿਹਾਈ ਲਈ ਦੁਨੀਆਂ ਭਰ ਵਿੱਚ ਪ੍ਰੋਟੈਸਟ ਹੋਏ। ਪਰ ਫਿਰ ਵੀ ਪੰਜ ਮਾਰ ਦਿੱਤੇ ਗਏ। ਪਿੱਛੋਂ ਇਹ ਲਾਸ਼ਾਂ ਉਨ੍ਹਾਂ ਦੇ ਸਾਥੀਆਂ ਨੂੰ ਦੇ ਦਿੱਤੀਆਂ ਗਈਆਂ। ਸ਼ਿਕਾਗੋ ਦੇ ਲੋਕਾਂ ਨੇ ਸਨਮਾਨ ਵਜੋਂ ਸਿਰ ਝੁਕਾਓ ਅਤੇ ਪੰਜ ਲੱਖ ਬੰਦਾ ਅਰਥੀ ਦੇ ਰਾਹ ਦੇ ਦੋਹੀ ਪਾਸੀਂ ਖੜ੍ਹੇ ਸਨ ਸਨ। ਹੇਅ ਮਾਰਕਿਟ ਦੇ ਸ਼ਹੀਦਾਂ ਦੇ ਖੂਨ ਦੀ ਅੰਤਰ-ਰਾਸ਼ਟਰੀ ਮਹਾਨਤਾ ਹੈ ਅਤੇ 1889 ਦੀ ਪੈਰਿਸ ਮੀਟਿੰਗ ਵਿੱਚ ਬਣੀ ਦੂਜੀ ਇੰਟਰਨੈਸ਼ਨਲ ਨੇ ਫੈਸਲਾ ਲਿਆ ਕਿ ਮਜ਼ਦੂਰ ਜਮਾਤ ਦੇ ਕੰਮ ਨੂੰ ਅੱਗੇ ਖੜ੍ਹਨ ਲਈ ਹਰ ਸਾਲ ਪਹਿਲੀ ਮਈ ਦੇ ਦਿਨ ਉਤੇ ਅੰਤਰ ਰਾਸ਼ਟਰੀ ਪੱਧਰ ਉਤੇ ਮੀਟਿੰਗਾਂ ਅਤੇ ਜਲਸੇ ਜਲੂਸ ਕੱਢੇ ਜਾਣ। ਇਹ ਦਿਨ ਮਜ਼ਦੂਰ ਵਰਗ ਦੀ ਨਿਧੜਕ ਇਨਕਲਾਬੀ ਸਪਿਰਟ ਦਾ ਚਿੰਨ ਅਤੇ ਚਾਨਣ ਮੁਨਾਰਾ ਹੈ।

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ


# ਬੰਬੇ ਸਵੀਟਸ ਮੈਨੂਫੈਕਚਰਰ ਇਨਕ

**ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!**

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

# ਕੌਮਾਗਾਟਾ ਮਾਰੂ: ਇਤਿਹਾਸਕ ਸੰਧਰਭ ਵਿਚ

ਸੂਫੀ ਅਮਰਜੀਤ

ਕੌਮਾਗਾਟਾ ਮਾਰੂ ਦਾ ਦੁਖਾਂਤ, ਵਿਸ਼ਵ ਇਤਿਹਾਸ ਵਿਚ, ਉਸ ਸਮੇਂ ਦੀ ਘਟਨਾ ਹੈ ਜਦੋਂ ਸਾਮਰਾਜੀ ਸ਼ਕਤੀਆਂ ਸੰਸਾਰ ਦੀ ਮੁੜ-ਵੰਡ ਲਈ, ਪਹਿਲੇ ਸੰਸਾਰ-ਯੁੱਧ ਦੇ ਕਿਨਾਰੇ ਤੇ ਖੜੀਆਂ ਸਨ। ਇਸ ਤੋਂ ਬਿਨ੍ਹਾਂ ਇਹ ਉਹ ਸਮਾਂ ਵੀ ਸੀ ਜਦੋਂ ਸੰਸਾਰ ਭਰ ਵਿਚ ਹੀ ਸਾਮਰਾਜ ਤੋਂ ਛੁਟਕਾਰਾ ਪਾਉਣ ਲਈ, ਸੰਸਾਰ-ਕੌਮੀ-ਮੁਕਤੀ-ਲਹਿਰ ਉਭਰ ਰਹੀ ਸੀ।

ਇਸ ਸਮੇਂ ਬਰਤਾਨਵੀਂ ਸਾਮਰਾਜ ਸਭ ਤੋਂ ਵੱਡੀ ਸੰਸਾਰ ਸ਼ਕਤੀ ਸੀ, ਜਿਸ ਦੇ ਰਾਜ ਵਿਚ ਸੂਰਜ ਕਦੇ ਛੁਪਦਾ ਨਹੀਂ ਸੀ। ਭਾਰਤ ਬਰਤਾਨੀਆਂ ਦੀ ਪ੍ਰਮੁੱਖ ਬਸਤੀ ਸੀ। ਭਾਰਤ ਵਿਚ ਕਈ ਹੋਰ ਦੇਸ਼ਾਂ ਵਾਂਗ ਉਸ ਸਮੇਂ ਕੌਮੀ ਮੁਕਤੀ ਲਹਿਰ ਆਪਣੀ ਜੜ ਫੜ ਚੁੱਕੀ ਸੀ। ਪਰ ਭਾਰਤ ਵਿਚ ਦੀ ਕੌਮੀ ਮੁਕਤੀ ਲਹਿਰ ਦੇ ਦੋ ਹਿੱਸੇ ਸਨ। ਇੱਕ ਹਿੱਸਾ ਇਨਕਲਾਬੀ ਸੰਘਰਸ਼ ਦੁਆਰਾ ਭਾਵ ਹਥਿਆਰਬੰਦ ਢੰਗ ਨਾਲ, ਭਾਰਤੀ ਫੌਜਾਂ ਦੇ ਸਹਿਯੋਗ ਨਾਲ ਅੰਗ੍ਰੇਜ਼ ਸਾਮਰਾਜੀਆਂ ਨੂੰ ਦੇਸ਼ ਵਿਚੋਂ ਭਜਾਉਣਾ ਚਾਹੁੰਦਾ ਸੀ। ਬਦੇਸ਼ਾਂ ਵਿਚ ਦੇ ਬਹੁਤੇ ਭਾਰਤੀ ਗਰੁੱਪ ਇਸ ਦੇ ਹੀ ਸਮਰਥਕ ਸਨ। ਦੂਜਾ ਹਿੱਸਾ ਅੰਗਰੇਜ਼ ਨਾਲ ਗੱਲਬਾਤ ਕਰਕੇ ਸੁਧਾਰਕ ਢੰਗ ਨਾਲ ਭਾਰਤ ਦੀ ਰਾਜ ਸੱਤਾ ਹਥਿਆਉਣਾ ਚਾਹੁੰਦਾ ਸੀ, ਇਹ ਹਿੱਸਾ ਭਾਰਤੀ ਪੂੰਜੀਪਤੀ ਵਰਗ ਅਤੇ ਬੁੱਧੀਜੀਵੀਆਂ ਤੇ ਆਧਾਰਤ ਸੀ ਜਿਨ੍ਹਾਂ ਵਿਚ ਬਹੁਤੇ ਇੰਗਲੈਂਡ ਤੋਂ ਵਕਾਲਤ ਦੀਆਂ ਡਿਗਰੀਆਂ ਪ੍ਰਾਪਤ ਕਰਕੇ ਆਏ ਹੋਏ ਸਨ।

ਭਾਰਤ ਵਿਚ ਮੁਕਤੀ ਲਹਿਰ ਦੇ ਉਭਰਨ ਦੇ ਜਿੱਥੇ ਆਰਥਿਕ ਅਤੇ ਰਾਜਨੀਤਕ ਕਾਰਨ ਸਨ, ਉਥੇ ਬਦੇਸ਼ਾਂ ਵਿਚ ਗਏ ਭਾਰਤੀ ਲੋਕਾਂ ਵਿਚ ਕੌਮੀ ਮੁਕਤੀ ਲਹਿਰ ਦੇ ਜੜ ਫੜਨ ਦਾ ਕਾਰਨ, ਉਨ੍ਹਾਂ ਨਾਲ ਨਸਲੀ ਭੇਦਭਾਵ ਦਾ ਅਤੇ ਘਟੀਆ ਦਰਜੇ ਦਾ ਵਰਤਾਉ ਸੀ। ਬਦੇਸ਼ਾਂ ਵਿਚ ਗਏ ਭਾਰਤੀਆਂ ਵਿਚੋਂ ਬਹੁਤੇ ਕਿਸਾਨੀ ਵਰਗ ਵਿਚੋਂ ਗਏ ਸਨ ਪਰ ਕੁਝ ਮਧਵਰਗੀ ਬੁਧੀਜੀਵੀ ਤਬਕਾ ਵੀ ਸੀ, ਜੋ ਲਹਿਰ ਦੀ ਅਗਵਾਈ ਕਰਨ ਲਈ ਅੱਗੇ ਆਇਆ।

ਪੰਜਾਬ ਵਿਚ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਜਾਣ ਵਾਲਿਆਂ ਵਿਚ ਬਹੁਤੇ ਅੰਗਰੇਜ਼ ਰਾਜ ਦੀਆਂ ਬਰਕਤਾਂ'' ਦੇ ਟੋਡੀਆਂ ਵੱਲੋਂ ਗਾਏ ਸੁਹਲੇ ਸੁਣ ਕੇ ਜਾਣ ਵਾਲੇ ਅਤੇ ਅੰਗਰੇਜ਼ ਰਾਜ ਦੀਆਂ ਫੌਜਾਂ ਵਿਚ ਕੰਮ ਕਰਨ ਵਾਲੇ ਸਾਬਕਾ ਫੌਜੀ ਸਨ। ਪੰਜਾਬ ਵਿਚ ਸਤਲੁਜ ਤੋਂ ਪੱਛਮ ਵੱਲ ਦੇ ਪੰਜਾਬ ਵਿਚੋਂ ਜਾਣ ਵਾਲੇ ਲੋਕ ਮਹਾਰਾਜ ਰਣਜੀਤ ਸਿੰਘ ਦੇ ਰਾਜ ਵਿਚ ਦੇ ਲੋਕਾਂ ਦੀ ਦੂਜੀ ਪੀੜ੍ਹੀ ਦੇ ਸਨ। ਬਦੇਸ਼ਾਂ ਵਿਚ ਇਨ੍ਹਾਂ ਨਾਲ ਹੁੰਦੇ ਵਿਵਹਾਰ ਕਾਰਨ, ਇਨ੍ਹਾਂ ਦੀ ਮਾਨਸਿਕ ਸਥਿਤੀ ਵਿਰੋਧ ਅਤੇ ਮਾਯੂਸੀ ਵਿਚ ਗੁੱਸੇ ਨੂੰ ਜਨਮ ਦੇਣ ਵਿਚ ਸਹਾਇਕ ਹੋਈ।

ਬਦੇਸ਼ਾਂ ਵਿਚ ਦੇ ਭਾਰਤੀ ਲੋਕ ਆਪਣੇ ਨਾਲ ਘਟੀਆ ਵਰਤਾ ਦਾ ਕਾਰਨ, ਭਾਰਤ ਦੇ ਗੁਲਾਮ ਹੋਣ ਨੂੰ ਸਮਝਣ ਲੱਗੇ ਸਨ। ਉਨ੍ਹਾਂ, ਆਜ਼ਾਦ ਦੇਸ਼ਾਂ ਵਿਚ ਦੇ ਲੋਕਾਂ ਦਾ ਖੁਸ਼ੀਆਂ ਭਰਿਆ ਜੀਵਨ ਦਾ ਕਾਰਨ, ਉਨ੍ਹਾਂ ਦੀ ਆਜ਼ਾਦੀ ਨੂੰ ਸਮਝਿਆ। ਬਦੇਸ਼ਾਂ ਦੇ ਬਹੁਤੇ ਗੋਰੇ ਲੋਕ ਅਤੇ ਅਧਿਕਾਰੀ ਭਾਰਤੀਆਂ ਨੂੰ ਉਨ੍ਹਾਂ ਦੇ ਰੰਗ, ਰਹਿਣ ਸਹਿਣ ਅਤੇ ਬੋਲੀ ਦੇ ਕਾਰਨ ਨਫਰਤ ਕਰਦੇ ਸਨ। ਉਹ ਉਨ੍ਹਾਂ ਨੂੰ ਆਪਣੇ ਤੋਂ ਨੀਵੇਂ ਸਮਝਦੇ ਸਨ। ਇਨ੍ਹਾਂ ਸਾਰੇ ਕਾਰਨਾਂ ਦੇ ਕਾਰਨ ਆਮ ਬਦੇਸ਼ਾਂ ਵਿਚ ਰਹਿਣ ਵਾਲੇ ਭਾਰਤੀ ਅੰਗਰੇਜ਼ ਰਾਜ ਨੂੰ ਡੂੰਘੀ ਨਫਰਤ ਕਰਨ ਲੱਗੇ ਸਨ। ਫਿਰ ਵੀ ਅੰਗਰੇਜ਼ਾਂ ਦੀ ਜਾਸੂਸੀ ਕਰਨ ਲਈ ਇੱਕੜ ਦੁੱਕੜ ਦੇਸ਼ ਧਰੋਹੀ ਵੀ ਉਨ੍ਹਾਂ ਦੀ ਸੇਵਾ ਲਈ ਹਾਜ਼ਰ ਸਨ। ਮੁਕਤੀ ਲਹਿਰ ਨਾਲ ਸੰਬੰਧਿਤ ਘਟਨਾਵਾਂ ਦੇ ਸਿੱਟੇ ਵਜੋਂ ਇੰਗਲੈਂਡ ਵਿਚ 1909 ਵਿਚ ਸ਼ਹੀਦ ਮਦਨ ਲਾਲ ਢੀਂਗਰੇ ਨੂੰ ਸ਼ਹਾਦਤ ਪ੍ਰਾਪਤ ਹੋਈ।

ਭਾਰਤ ਵਿਚ ਬਰਤਾਨਵੀ ਸਾਮਰਾਜ ਵਿਰੁੱਧ ਲੋਕਾਂ ਦਾ ਵਿਰੋਧ ਆਰਥਿਕ ਤੇ ਰਾਜਨੀਤਕ ਕਾਰਨਾਂ ਕਰਕੇ ਵਿਦਰੋਹ ਵੱਲ ਜਾ ਰਿਹਾ ਸੀ। 1900 ਵਿਚ ਭਾਰਤ ਵਿਚ ਭਿਆਨਕ ਕਾਲ ਪੈਣ ਦੇ ਕਾਰਨ ਲੋਕਾਂ ਨੂੰ ਬੜਾ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਖੇਤੀ ਉੱਤੇ ਨਿਰਭਰ ਆਰਥਿਕਤਾ ਦਾ ਧੂੰਆਂ ਨਿਕਲ ਗਿਆ, ਜਿਸ ਦਾ ਮਾਰੂ ਅਸਰ ਕਿਸਾਨਾਂ ਉਪਰ ਪਿਆ, ਭਾਵੇਂ ਕਿ ਉਨ੍ਹਾਂ ਦੀ ਵੱਡੀ ਗਿਣਤੀ ਜ਼ਮੀਨਾਂ ਦੀ ਮਾਲਕ ਨਹੀਂ ਸੀ। ਪੰਜਾਬ, ਰਾਜਸਥਾਨ, ਮੱਧਪ੍ਰਦੇਸ਼, ਬੜੌਦਾ, ਮਹਾਰਾਸ਼ਟਰ ਆਦਿ ਕਾਲ ਦੀ ਲਪੇਟ ਹੇਠ ਆਉਣ ਵਾਲੇ ਪ੍ਰਮੁੱਖ ਰਾਜ ਸਨ। ਇਸ ਕਾਲ ਦਾ ਅਸਰ ਲੋਕਾਂ ਉਪਰ ਕਈ ਸਾਲਾਂ ਤੱਕ ਰਿਹਾ। ਇਸ ਸਮੇਂ ਹੀ ਸੁਆਮੀ ਵਿਵੇਕਾਨੰਦ ਨੇ, ਕਾਂਗਰਸ ਦੇ ਉੱਘੇ ਲੀਡਰ ਸੁਆਮੀ ਅਖੰਡਾਨੰਦ ਨੂੰ ਇਕ ਖਤ ਵਿਚ 2 ਫਰਵਰੀ 1900 ਈ: ਨੂੰ ਲਿਖਿਆ ਸੀ:

''ਭਿਅੰਕਰ ਕਾਲ, ਹੜ, ਬੀਮਾਰੀ ਅਤੇ ਭੁੱਖਮਰੀ ਦੇ ਇਨ੍ਹਾਂ ਦਿਨਾਂ ਵਿਚ, ਦੱਸੋ ਤੁਹਾਡੇ ਕਾਂਗਰਸੀ ਲੋਕ ਕਿਥੇ ਹਨ? ਕੀ ਸਿਰਫ ਇਨ੍ਹਾਂ ਕਹਿਣ ਨਾਲ

## ਧੀਏ ਨੀ ਧੀਏ

ਜੰਮਣੋਂ ਪਹਿਲਾਂ ਮਰਦੀਏ ਧੀਏ,
ਜ਼ੁਲਮ ਸਿਤਮ ਨੂੰ ਜਰਦੀਏ ਧੀਏ।

ਦਾਜ ਦੀ ਡਾਰੀ ਚੜ੍ਹ ਗਿਆ ਪੂੰਨੂੰ,
ਪੂੰਨੂੰ ਪੂੰਨੂੰ ਕਰਦੀਏ ਧੀਏ।

ਸਿਖਰ ਦੁਪਹਿਰੇ ਚੁੱਲ੍ਹੇ ਅੱਗੇ,
ਠੰਡੇ ਹੌਕੇ ਭਰਦੀਏ ਧੀਏ।

ਗੰਗਾ ਵਿਚ ਵੀ ਜਾਲ ਬੜੇ ਨੇ,
ਮੱਛਲੀ ਵਾਂਗੂੰ ਤਰਦੀਏ ਧੀਏ।

ਕੌਣ ਕਰੂ ਹਮਦਰਦੀ ਤੇਰੀ,
ਮਾਪਿਆਂ ਹੱਥੋਂ ਮਰਦੀਏ ਧੀਏ।

ਸ਼ੇਰਾਂ ਵਰਗੇ ਪੁੱਤਾਂ ਦੀ ਮਾਂ,
ਹਿਰਨੀ ਵਾਂਗੂੰ ਡਰਦੀ ਧੀਏ।

ਧੀ, ਪਤਨੀ, ਮਾਂ ਤੇ ਦਾਦੀ,
ਬਣ ਕੇ ਦੁੱਖੜੇ ਹਰਦੀਏ ਧੀਏ।
ਕਾਤਿਲ ਸਭੀ ਕਹਿਣਗੇ ਤੈਨੂੰ,
ਜਿੰਦ ਚਿਖਾ ਤੇ ਧਰਦੀਏ ਧੀਏ।

—ਸੁਰਜੀਤ ਸਿੰਘ ਦਿਹੜ


BOOK NOW FLY LATER SAVE MONEY



SPECIAL FARES TO:
San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.
AIR CANADA CATHAY PACIFIC
Canadian Wardair Canada
JAL JAPAN AIR LINES
KLM UNITED

Goyal Travels Inc.
4152 Fraser St., Vancouver, B.C. V5V 4E8
PH. (604) 877-7777
TOLL FREE From B.C., Alberta, Saskatchewan & Manitoba.
1-800-663-8638
CALGARY
Ph. (403) 235-6808
TORONTO
(416) 593-6966

ਹੀ ਕੰਮ ਮੁੱਕ ਜਾਂਦਾ ਹੈ - ਦੇਸ਼ ਦੀ ਸਰਕਾਰ ਸਾਡੇ ਹੱਥਾਂ'ਚ ਸੰਭਾਲ ਦਿਓ ?"

ਅੰਗਰੇਜ਼ ਸਰਕਾਰ ਨੇ ਕਾਲ ਮਾਰੇ ਲੋਕਾਂ ਦੀ ਕੋਈ ਸਹਾਇਤਾ ਨਹੀਂ ਕੀਤੀ। ਜਦੋਂ 1903 ਵਿਚ ਲਾਰਡ ਕਰਜ਼ਨ ਨੇ ਬਾਦਸ਼ਾਹ ਐਡਵਰਡ ਸੱਤਵੇਂ ਦੀ ਤਾਜਪੋਸ਼ੀ ਦੇ ਜਸ਼ਨਾਂ ਉਪਰ ਦਿਲੀ ਵਿਚ ਵੱਡਾ ਜਸ਼ਨ ਮਨਾਇਆ ਤਾਂ ਦੇਸ਼ ਭਰ ਵਿਚ ਇਸ ਵਿਰੁੱਧ ਲੋਕਾਂ ਦਾ ਗੁੱਸਾ ਜਾਗ ਪਿਆ।

1904 ਵਿਚ ਭਾਰਤੀਆਂ ਲਈ ਉਚੀ ਸਿੱਖਿਆ ਪ੍ਰਾਪਤ ਕਰਨ ਉਪਰ ਪਾਬੰਦੀਆਂ ਲਾਉਣ ਨਾਲ ਮੱਧ ਵਰਗ ਅਤੇ ਉਚੀਆਂ ਸ਼੍ਰੇਣੀਆਂ ਵੀ ਪਿੱਟ ਉਠੀਆਂ।

1905 ਵਿਚ ਜਦੋਂ ਅੰਗਰੇਜ਼ ਸਰਕਾਰ ਨੇ ਬੰਗਾਲ ਦੇ ਰਾਜ ਦੀ ਵੰਡ ਕਰਨ ਦਾ ਫੈਸਲਾ ਕੀਤਾ ਤਾਂ ਬੰਗਾਲ ਵਿਚ ਵਿਰੋਧ ਦੀ ਇੱਕ ਲਹਿਰ ਉਠ ਕੇ ਵਿਆਪਕ ਰੂਪ ਧਾਰਨ ਕਰ ਗਈ। ਬੰਗਾਲ ਵਿਚ ਇੱਕ ਰਾਜਨੀਤਕ ਜਾਗਰਤੀ ਦਾ ਸੂਰਜ ਚੜ੍ਹ ਗਿਆ। ਪੰਜ ਸੋ ਤੋਂ ਵੱਧ ਵੱਡੇ-ਛੋਟੇ ਜਲਸੇ ਬੰਗਾਲ ਦੀ ਵੰਡ ਵਿਰੁੱਧ ਕੀਤੇ ਗਏ। 75000 ਤੋਂ ਵੱਧ ਲੋਕਾਂ ਨੇ ਪਟੀਸ਼ਨਾਂ ਉਪਰ ਦਸਖਤ ਕੀਤੇ। ਆਖਰ ਸਰਕਾਰ ਨੂੰ ਝੁਕਣਾ ਪਿਆ। ਇਹ ਲੋਕਾਂ ਦੀ ਪਹਿਲੀ ਜਿੱਤ ਸੀ।

1906 ਵਿਚ ਲਾਹੌਰ ਵਿਚ ਇੱਕ ਅੰਗਰੇਜ਼ ਪੱਤਰਕਾਰ ਨੇ ਆਪਣੇ ਨੌਕਰ ਨੂੰ ਗੋਲੀ ਮਾਰਕੇ ਮਾਰ ਦਿੱਤਾ। ਇਸ ਉਪਰ ਉਸ ਨੂੰ ਛੇ ਮਹੀਨੇ ਦੀ ਸਜ਼ਾ ਹੋਈ। ਲਾਇਲਪੁਰ ਵਿਚ ਇੱਕ ਅੰਗਰੇਜ਼ ਰੇਲਵੇ ਅਫਸਰ ਨੇ ਇੱਕ ਇਸਤਰੀ ਦੀ ਪੱਤ ਲੁੱਟ ਲਈ, ਜਿਸ ਉਪਰ ਉਸ ਨੂੰ ਅਦਾਲਤ ਨੇ ਬਰੀ ਕਰ ਦਿੱਤਾ। ਇਹ ਤੇ ਇਸ ਵਰਗੀਆਂ ਕਈ ਹੋਰ ਧੱਕੇ ਸ਼ਾਹੀਆਂ ਦੀਆਂ ਖਬਰਾਂ ਪੰਜਾਬ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈਆ। ਇਨ੍ਹਾਂ ਘੱਟਨਾਵਾਂ ਨੇ ਬੰਗਾਲ ਵਾਂਗ ਹੀ ਪੰਜਾਬ ਵਿਚ ਇੱਕ ਰੋਹ ਦੀ ਲਹਿਰ ਪੈਦਾ ਕਰ ਦਿੱਤੀ। ਲਾਹੌਰ ਵਿਚ ਕਈ ਥਾਵੀਂ ਨੌਜੁਆਨਾਂ ਨੇ ਅੰਗਰੇਜ਼ਾਂ ਨੂੰ ਕੁੱਟ ਮਾਰ ਕੀਤੀ। ਅਤੇ ਹਾਲਾਤ ਬੜੇ ਹੀ ਵਿਸਫੋਟਕ ਗਰਦਾਨੇ ਗਏ।

ਪੰਜਾਬ ਵਿਚ ਲਾਲ ਲਾਜਪਤ ਰਾਏ, ਜੋ ਕਿ ਕੌਮੀ ਲੀਡਰ ਸਨ, ਗਰਮ ਦਲੀ ਵਿਚਾਰਾਂ ਦੇ ਸਨ। ਪੰਜਾਬ ਵਿਚ ਉਨ੍ਹਾਂ ਦਾ ਬੜਾ ਪ੍ਰਭਾਵ ਸੀ। ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਪੇਂਡੂ ਇਲਾਕਿਆਂ ਵਿਚ ਕਾਲ ਦੇ ਦਿਨਾਂ ਵਿਚ ਹਰਮਨ ਪਿਆਰੇ ਆਗੂ ਬਣ ਉਭਰੇ ਸਨ। ਪੰਜਾਬੀ ਕਵੀ ਬੰਕੇ ਦਿਆਲ ਦੇ ਗੀਤ, ਪੰਜਾਬ ਵਿਚ ਅੰਗਰੇਜ਼ ਰਾਜ ਦੇ ਵਿਰੁਧ ਇੱਕ ਤਰਾਂ ਬਗਾਵਤ ਦਾ ਤਰਾਨਾ ਹੀ ਬਣ ਗਿਆ ਸੀ। ਸ. ਅਜੀਤ ਸਿੰਘ ਦੇ ਹਰ ਜਲਸੇ ਮੀਟਿੰਗ ਵਿਚ ਇਹ ਗੀਤ ਗਾਇਆ ਜਾਂਦਾ ਸੀ। ਗੀਤ ਦੇ ਬੋਲ ਸਨ:

"ਪੱਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓ !
ਮਾਝੇ ਦੇ ਜ਼ੋਰ ਨਾਲ, ਮਾਲਵੇ ਦੇ ਸ਼ੇਰ ਨਾਲ,
ਕਦੀ ਨਹੀਂ ਹਾਰਨਾ।"

ਅਪ੍ਰੈਲ 1907 ਵਿਚ ਇੱਕ ਪੱਤਰਕਾਰ ਜਸਵੰਤ ਰਾਏ ਨੂੰ ਅੰਗਰੇਜ਼ ਸਰਕਾਰ ਵਿਰੁੱਧ ਲਿਖਣ ਉਪਰ ਛੇ ਮਹੀਨੇ ਸਜ਼ਾ ਅਤੇ 1000 ਰੁ: ਜੁਰਮਾਨਾ ਕੀਤਾ ਗਿਆ। ਇਸ ਉਪਰ ਲਾਹੌਰ ਵਿਚ ਭਾਰੀ ਰੋਹ ਦਾ ਤੂਫਾਨ ਉਠ ਖੜਾ ਹੋਇਆ।

ਇਨ੍ਹਾਂ ਸਾਰੀਆਂ ਘਟਨਾਵਾਂ ਕਾਰਨ ਦੇਸ਼ ਭਰ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿਚ ਲਗਾਤਾਰ ਏਕਤਾ ਵੱਧ ਰਹੀ ਸੀ। ਦੂਜੇ ਪਾਸੇ 1906 ਵਿਚ ਬਣੀ ਮੁਸਲਮਲੀਗ ਅਤੇ ਪੰਜਾਬ ਵਿਚ ਖਾਲਸਾ ਦੀਵਾਨ ਨੂੰ ਲੋਕਾਂ ਵਿਚ ਫੁੱਟ ਪਾਉਣ ਲਈ ਸਰਕਾਰੀ ਥਾਪਨਾ ਪ੍ਰਾਪਤ ਹੋਣ ਲੱਗੀ।

1898 ਈ: ਤੋਂ ਜੱਥੇਬੰਦ ਹੋਣੀਆਂ ਅਰੰਭ ਹੋਈਆਂ। ਟਰੇਡ ਯੂਨੀਅਨਾਂ ਹੁਣ ਮੁੱਖ ਕੇਂਦਰਾਂ ਵਿਚ ਪ੍ਰਭਾਵਸ਼ਾਲੀ ਬਣ ਗਈਆਂ ਸਨ। ਇਨ੍ਹਾਂ ਵਿਚ ਬੰਦਰਗਾਹਾਂ ਦੇ ਗੋਦੀ ਮਜ਼ਦੂਰ, ਬੰਗਾਲ ਵਿਚ ਪਟਸਨ ਮਿੱਲਾਂ ਵਿਚ ਬੰਬਈ (ਮਹਾਰਾਸ਼ਟਰ) ਅਤੇ ਗੁਜਰਾਤ ਵਿਚ ਕੱਪੜਾ ਮਿੱਲਾਂ, ਪ੍ਰਿੰਟਿੰਗ ਪ੍ਰੈਸ, ਰੇਲਵੇ ਆਦਿ ਖੇਤਰਾਂ ਵਿਚ ਪ੍ਰਮੁੱਖ ਸ਼ਕਤੀ ਬਣ ਉਭਰੀਆਂ।

ਇਨ੍ਹਾਂ ਟਰੇਡ ਯੂਨੀਅਨਾਂ ਨੇ ਤਨਖਾਹਾਂ ਵਿਚ ਵਾਧੇ ਲਈ ਕਈ ਹੜਤਾਲਾਂ ਕੀਤੀਆਂ ਅਤੇ ਜਿੱਤੀਆਂ ਸਨ। ਇਨ੍ਹਾਂ ਨੂੰ ਮਿਲ ਮਾਲਕਾਂ ਅਤੇ ਪੁਲਸ ਦਾ ਅਤਿਆਚਾਰ ਵੀ ਸਹਿਣਾ ਪਿਆ ਸੀ।

1907 ਵਿਚ ਸਾਰੇ ਦੇਸ਼ ਵਿਚ ਪਹਿਲੀ ਸਫਲ ਰੇਲਵੇ ਹੜਤਾਲ ਹੋਈ। ਕਈ ਹੋਰਨਾਂ ਰੇਲਵੇ ਕੇਂਦਰਾਂ ਉਤੇ ਰੇਲਵੇ ਦੇ ਵੱਖੋ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੀਆਂ ਹੜਤਾਲਾਂ ਆਮ ਹੀ ਹੁੰਦੀਆਂ ਰਹਿੰਦੀਆਂ ਸਨ। ਪਰ ਪਹਿਲੀ ਰਾਜਨੀਤਕ ਹੜਤਾਲ, ਜੂਨ 1907 ਵਿਚ ਬਾਲ ਗੰਗਾਧਰ ਤਿਲਕ ਦੀ ਗ੍ਰਿਫਤਾਰੀ ਕਾਰਨ ਅਮਲ ਵਿਚ ਆਈ। ਇਹ ਵਿਰੋਧ ਜਲਸਿਆਂ ਤੋਂ ਆਰੰਭ ਹੋ ਕੇ 23 ਜੁਲਾਈ ਨੂੰ ਇੱਕ ਲੱਖ ਤੋਂ ਵੱਧ ਬੰਬਈ ਦੇ ਮਜ਼ਦੂਰਾਂ ਵਿਚ ਫੈਲ ਗਈ ਸੀ।

1905 ਵਿਚ ਪ੍ਰਿੰਟਰਾਂ ਤੇ ਕੰਪੀਜ਼ੀਟਰਾਂ ਦੀ ਹੜਤਾਲ ਅਤੇ 1906 ਵਿਚ ਬੰਬਈ ਦੇ ਡਾਕਖਾਨੇ ਦੇ ਕਰਮਚਾਰੀਆਂ ਦੀਆਂ ਹੜਤਾਲਾਂ ਹੋਈਆਂ।

ਇਹ ਸਾਰੀਆਂ ਹੜਤਾਲਾਂ, ਜਲਸਿਆਂ ਅਤੇ ਵਿਰੋਧਾਂ ਦਾ ਕਾਰਨ ਭਾਵੇਂ ਕੁਝ ਵੀ ਸੀ ਪਰ ਇਹ ਅੰਗਰੇਜ਼ ਹਕੂਮਤ ਵਿਰੁੱਧ ਸੇਧਿਤ ਸਨ। ਇਸ ਤਰ੍ਹਾਂ ਇਹ ਇੱਕ ਰਾਜਨੀਤਕ ਰੂਪ ਧਾਰਨ ਕਰ ਗਈਆਂ ਸਨ। ਪਰ ਇਨ੍ਹਾਂ ਸਰਗਰਮੀਆਂ ਦੇ ਮੁੱਖ ਕੇਂਦਰ ਬੰਗਾਲ, ਪੰਜਾਬ ਅਤੇ ਬੰਬਈ (ਮਹਾਰਾਸ਼ਟਰ) ਹੀ ਸਨ।

1910 ਤੱਕ ਭਾਰਤ ਦਾ ਸਮੁੱਚਾ ਰਾਜਨੀਤਕ ਵਾਤਾਵਰਨ ਸੰਘਰਸ਼ ਦਾ ਪਿੜ ਦਿਸਣ ਲੱਗਾ ਸੀ। ਜਿਸ ਨੂੰ ਹੋਰ ਉਤਸ਼ਾਹ 1910 ਵਿਚ ਮੈਕਸੀਕੋ ਦੇ ਇਨਕਲਾਬ ਅਤੇ 1911 ਵਿਚ ਚੀਨ ਦੇ ਪਹਿਲੇ ਇਨਕਲਾਬ ਦੀ ਸਫਲਤਾ ਤੋਂ ਪ੍ਰਾਪਤ ਹੋਇਆ।


**UJJAL DOSANJH LAWYER**

**ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ**

- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ

ਹੋਰ ਜਾਣਕਾਰੀ ਲਈ ਫੋਨ ਕਰੋ :

#202—5887 VICTORIA DRIVE,
VANCOUVER, B.C. V5P 3W5

ਉਜੱਲ ਦੁਸਾਂਝ
PHONE 327-6381

ਭਾਰਤ ਵਿਚ ਅਜਿਹਾ ਰਾਜਨੀਤਕ ਅਤੇ ਆਰਥਿਕ ਪਿਛੋਕੜ ਸੀ ਜਿਸ ਵਿਚੋਂ ਕਾਫੀ ਪੰਜਾਬੀ ਲੋਕ ਬਦੇਸ਼ਾਂ ਵਿਚ ਜਾਣ ਲਈ ਉਤਾਵਲੇ ਹੋਏ ਹੋਏ ਸਨ।

ਦੂਜੇ ਪਾਸੇ ਬਰਤਾਨਵੀ ਸਾਮਰਾਜੀ ਇਸ ਸਾਰੀ ਸਥਿਤੀ ਨੂੰ ਗੰਭੀਰਤਾ ਨਾਲ ਲੈ ਰਹੇ ਸਨ। ਉਹ ਇਸ ਦੇ ਸਾਰੇ ਪੱਖਾਂ 'ਚੋਂ ਪੈਦਾ ਹੋਣ ਵਾਲੇ ਨਤੀਜਿਆਂ ਤੋਂ ਭੈ ਭੀਤ ਵੀ ਸਨ। ਉਨ੍ਹਾਂ ਨੂੰ ਇਹ ਡਰ ਸੀ ਕਿ ਜੇ ਭਾਰਤੀਆਂ ਨੂੰ ਬਰਤਾਨੀਆਂ, ਕੈਨੇਡਾ ਆਦਿ ਵਿਚ ਜਾਣ ਦਿੱਤਾ ਗਿਆ ਤਾਂ ਉਹ ਭਾਰਤ ਵਿਚ ਅੰਗਰੇਜ਼ ਹਕੂਮਤ ਨੂੰ ਮੁਸ਼ਕਲਾਂ ਪੈਦਾ ਕਰ ਸਕਦੇ ਸਨ। ਬਰਤਾਨਵੀ ਸਾਮਰਾਜੀ ਕਿਸੇ ਹਾਲਤ ਵਿਚ ਵੀ ਇਹ ਨਹੀਂ ਚਾਹੁੰਦੇ ਸਨ ਕਿ ਭਾਰਤ ਉਨ੍ਹਾਂ ਦੇ ਬਸਤੀਵਾਦੀ ਰਾਜ ਤੋਂ ਬਾਹਰ ਚੱਲਿਆ ਜਾਵੇ। ਭਾਰਤ ਦੇ ਆਜ਼ਾਦ ਹੋਣ ਦਾ ਅਰਥ ਬਰਤਾਨੀਆਂ ਦੇ ਬਸਤੀਵਾਦ ਦਾ ਅੰਤ ਹੋਣਾ ਸੀ। ਬਰਤਾਨੀਆਂ ਭਾਰਤ ਵਿਚੋਂ ਕੇਵਲ ਆਰਥਿਕ ਲੁੱਟ ਹੀ ਨਹੀਂ ਕਰਦਾ ਸੀ, ਸਗੋਂ ਉਹ ਭਾਰਤ ਵਿਚੋਂ ਭਰਤੀ ਕੀਤੀ ਫੌਜ ਨਾਲ ਆਪਣੀਆਂ ਬਸਤੀਆਂ ਨੂੰ ਵੀ ਕੰਟਰੋਲ ਕਰ ਰਿਹਾ ਸੀ। ਸਿਰ ਉਪਰ ਖੜੀ ਜੰਗ ਲਈ ਜਨ-ਸ਼ਕਤੀ ਦਾ ਮੁੱਖ ਹਿੱਸਾ ਭਾਰਤ ਵਿਚੋਂ ਹੀ ਪ੍ਰਾਪਤ ਕਰਨਾ ਸੀ।

ਬਰਤਾਨਵੀ ਕਾਨੂੰਨ ਅਨੁਸਾਰ, ਉਸ ਦੀਆਂ ਬਸਤੀਆਂ ਵਿਚ ਰਹਿਣ ਵਾਲੇ ਲੋਕ, ਬਸਤੀਆਂ ਵਿਚੋਂ ਬੇਰੋਕ ਜਾਂ, ਆ ਸਕਦੇ ਸਨ। ਪ੍ਰੰਤੂ ਭਾਰਤ ਦੀ ਰਾਜਸੀ ਸਥਿਤੀ ਨੇ ਸਾਮਰਾਜੀਆਂ ਨੂੰ ਆਪਣੇ ਬਣਾਏ ਕਾਨੂੰਨਾਂ ਨੂੰ ਤੋੜਨ ਮਰੋੜਨ ਦਾ ਪੂਰਾ ਅਧਿਕਾਰ 'ਬੇਕਾਨੂੰਨੀ' ਕਰਕੇ ਪ੍ਰਾਪਤ ਸੀ।

ਵੀਹਵੀਂ ਸਦੀ ਦੇ ਮੁੱਢ ਵਿਚ ਕੁਝ ਭਾਰਤੀ ਲੋਕ ਕੈਨੇਡਾ ਵਿਚ ਆਉਣ ਵਿਚ ਸਫਲ ਹੋ ਗਏ। ਪਹਿਲੇ ਦਹਾਕੇ ਦੇ ਅੰਤ ਤੱਕ ਕੋਈ 5000 ਦੇ ਲੱਗ ਭੱਗ ਭਾਰਤੀ ਭਾਰਤੀ ਕੈਨੇਡਾ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਮਿੱਤਰਾਂ ਦੇ ਪਰਵਾਰਾਂ ਵਿਚੋਂ ਹੋਰ ਆਉਣ ਲਈ ਯਤਨਸ਼ੀਲ ਸਨ। ਪਰ ਬਰਤਾਨਵੀ ਹਾਕਮ ਚਾਹੁੰਦੇ ਸਨ ਕਿ ਇਨ੍ਹਾਂ ਨੂੰ ਕੈਨੇਡਾ ਆਉਣ ਤੋਂ ਰੋਕਿਆ ਜਾਵੇ ਜੋ ਉਹ ਸਿੱਧੇ ਤੌਰ ਉਤੇ ਕਰਨ ਤੋਂ ਅਸਮਰੱਥ ਸਨ।

ਕੈਨੇਡਾ ਵਿਚ ਆਏ ਭਾਰਤੀ ਜੋ ਆਮ ਕਰਕੇ ਪੰਜਾਬ ਤੋਂ ਆਏ ਹੋਏ ਸਨ, ਲੱਕੜੀ ਮਿੱਲਾਂ ਅਤੇ ਰੇਲਵੇ ਵਿਚ ਕੰਮ ਕਰਦੇ ਸਨ। ਇੱਕੋ ਕੰਮ ਕਰਨ ਬਦਲੇ ਭਾਰਤੀਆਂ ਨੂੰ ਗੋਰੇ ਕਾਮਿਆਂ ਨਾਲੋਂ ਕਾਫੀ ਘੱਟ ਤਨਖਾਹ ਦਿੱਤੀ ਮਿਲਦੀ ਸੀ। ਇਹ ਇੱਕ ਭੇਦ ਭਾਵ ਵਾਲਾ ਵਿਤਕਰਾ ਸੀ। ਅਜਿਹੇ ਵਿਤਕਰਿਆਂ ਤੋਂ ਦੁਖੀ ਹੁੰਦੇ ਹੋਏ ਵੀ ਭਾਰਤੀ ਚਾਹੁੰਦੇ ਸਨ। ਕਿ ਹੋਰ ਲੋਕ ਭਾਰਤ ਤੋਂ ਏਥੇ ਆ ਜਾਣ ਜਿਸ ਨਾਲ ਉਨ੍ਹਾਂ ਦਾ ਪੱਖ ਤਕੜਾ ਹੋਵੇਗਾ। ਬੇਸ਼ਕ ਆਰਥਿਕ ਪੱਖੋਂ ਇਹ ਭਾਰਤ ਨਾਲੋਂ ਫਿਰ ਵੀ ਚੰਗਾ ਸਮਝਿਆ ਜਾਂਦਾ ਸੀ।

ਕੈਨੇਡਾ ਵੀ ਭਾਰਤ ਵਾਂਗ ਹੀ ਬਰਤਾਨੀਆਂ ਦੀ ਬਸਤੀ ਸੀ। ਪਰ ਕੈਨੇਡਾ ਦੀ ਸਰਕਾਰ ਤੇ ਬਰਤਾਨੀਆਂ ਤੋਂ ਕੈਨੇਡਾ ਵਿਚ ਆ ਕੇ ਵਸੇ ਗੋਰੇ, ਇਸ ਨੂੰ ਆਪਣਾ ਜੱਦੀ ਦੇਸ਼ ਸਮਝ ਰਹੇ ਸਨ। ਉਨ੍ਹਾਂ ਕੈਨੇਡਾ ਦੇ ਆਦੀਵਾਸੀ ਲੋਕਾਂ (ਨੇਟਿਵ ਇੰਡੀਅਨ) ਨੂੰ, ਸ਼ਬਦ ਦੇ ਅਸਲੀ ਅਰਥਾਂ ਵਿਚ ਗੁਲਾਮ ਬਣਾਇਆ ਹੋਇਆ ਸੀ। ਇਨ੍ਹਾਂ ਆਦੀ ਵਾਸੀ ਲੋਕਾਂ ਦੀ ਹਾਲਤ, ਭਾਰਤ ਦੇ ਲੋਕਾਂ ਨਾਲੋਂ ਕਈ ਗੁਣਾ ਭੈੜੀ, ਤਰਸਯੋਗ ਅਤੇ ਬਿਨ੍ਹਾਂ ਕਿਸੇ ਹੱਕਾਂ ਤੋਂ ਸੀ। ਇਹ ਗੋਰੇ ਭਾਰਤ ਤੋਂ ਆਏ ਲੋਕਾਂ ਨੂੰ, ਕੈਨੇਡੀਅਨ ਆਦੀਵਾਸੀਆਂ ਵਾਂਗ ਹੀ ਦੇਖ ਰਹੇ ਸਨ। ਗੋਰੀ ਸਰਕਾਰ ਅਤੇ ਆਮ ਗੋਰੇ ਲੋਕਾਂ ਵਲੋਂ ਇਨ੍ਹਾਂ ਨਾਲ ਵੀ ਤਿਰਸਕਾਰ ਭਰਿਆ ਵਰਤਾਓ ਕੀਤਾ ਜਾਂਦਾ ਸੀ।

ਕੈਨੇਡਾ ਦੀ ਗੋਰੀ ਸਰਕਾਰ, ਜੋਕਿ ਬਰਤਾਨਵੀ ਸਰਕਾਰ ਦੀ ਇੱਕ ਤਰ੍ਹਾਂ ਛਾਉਂ (Shadow) ਹੀ ਸੀ। ਬਰਤਾਨਵੀ ਦ੍ਰਿਸ਼ਟੀਕੋਣ ਤੋਂ ਸੋਚ ਕੇ ਹੀ ਭਾਰਤੀਆਂ ਨੂੰ ਕੈਨੇਡਾ ਵਿਚ ਆਉਣ ਤੋਂ ਰੋਕ ਰਹੀ ਸੀ। ਕੈਨੇਡਾ ਵਿਚ ਦੇ ਆਮ ਗੋਰੇ ਲੋਕਾਂ ਦੇ ਨਸਲੀ ਵਿਰੋਧ ਦੇ ਬਹਾਨੇ ਹੇਠ, ਕੈਨੇਡੀਅਨ ਸਰਕਾਰ ਭਾਰਤੀਆਂ ਦੇ ਦਾਖਲੇ ਉਪਰ ਪਾਬੰਦੀਆਂ ਲਾਉਣ ਦੇ ਰਾਉਂ ਵਿਚ ਸੋਚਣ ਲੱਗੀ। ਸਰਕਾਰ ਸਿੱਧੇ ਤੌਰ ਉਤੇ ਇਸ ਤਰਾਂ ਨਹੀਂ ਕਰ ਸਕਦੀ ਸੀ ਕਿਉਂਕਿ ਬਰਤਾਨਵੀ ਬਸਤੀਵਾਦੀ ਕਾਨੂੰਨ ਦੀ ਉਲਘਣਾ ਹੁੰਦੀ ਸੀ। ਇਸ ਲਈ ਉਨ੍ਹਾਂ ਟੇਢੇ ਢੰਗ ਨਾਲ, ਭਾਰਤ ਤੋਂ ਸਿੱਧੇ ਜਹਾਜ਼ ਰਾਹੀਂ ਕੈਨੇਡਾ ਪੁੱਜਣ ਦੀ ਸ਼ਰਤ ਲਾ ਕੇ ਭਾਰਤੀਆਂ ਦੇ ਦਾਖਲੇ ਉਤੇ ਪਾਬੰਦੀ ਲਗਾ ਦਿੱਤੀ।

ਕਲਕੱਤੇ (ਭਾਰਤ) ਤੋਂ ਕੈਨੇਡੀਅਨ ਪੈਸੇਫਿਕ (ਸੀ. ਪੀ.) ਦੇ ਜਹਾਜ਼ਾਂ ਦੀ ਕੰਪਨੀ ਉਪਰ ਦਬਾ ਪਾਇਆ ਗਿਆ ਕਿ ਉਹ ਕੈਨੇਡਾ ਲਈ ਮੁਸਾਫਰਾਂ ਦੀਆਂ ਟਿਕਟਾਂ ਨਾ ਕੱਟਣ।

ਬਾਬਾ ਗੁਰਦਿੱਤ ਸਿੰਘ, ਜੋ ਸਿਰਹਾਲੀ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਦੇ ਰਹਿਣ ਵਾਲੇ ਸਨ, ਨੇ ਇਸ ਸਿੱਧੇ ਸਫਰ ਕਰਨ ਵਾਲੀ ਸ਼ਰਤ ਦੀ ਖਬਰ ਨੂੰ, ਵਿਪਾਰਕ ਦ੍ਰਿਸ਼ਟੀਕੋਣ ਤੋਂ ਲਿਆ। ਉਹ ਪੂਰਬੀ ਏਸ਼ੀਆਂ ਦੇ ਦੇਸ਼ਾਂ ਵਿਚ ਵਿਪਾਰਕ ਕੰਮ ਕਰਦੇ ਸਨ। ਉਹ ਇਹ ਨਹੀਂ ਸਮਝ ਸਕੇ ਸਨ ਕਿ ਸਿੱਧੇ ਜਹਾਜ਼ ਰਾਹੀਂ ਕੈਨੇਡਾ ਜਾਣ ਦੇ ਨਵੇਂ ਕਾਨੂੰਨ ਦਾ ਅਰਥ, ਭਾਰਤੀਆਂ ਦੇ ਕੈਨੇਡਾ ਵਿਚ ਦਾਖਲੇ ਨੂੰ ਰੋਕਣਾ ਹੈ ਨਾ ਕਿ ਕਿਸੇ ਲਈ ਵਿਪਾਰਕ ਮੌਕੇ ਪੈਦਾ ਕਰਨੇ ਸਨ। ਜੇਕਰ ਇਹ ਵਿਪਾਰਕ ਦ੍ਰਿਸ਼ਟੀ ਤੋਂ ਬਣਾਇਆ ਗਿਆ ਕਾਨੂੰਨ ਹੁੰਦਾ ਤਾਂ ਬਾਬਾ ਗੁਰਦਿੱਤ ਸਿੰਘ ਤੱਕ ਖਬਰ ਪੁੱਜਣ ਤੋਂ ਪਹਿਲਾਂ ਬਰਤਾਨਵੀ ਜਹਾਜ਼ ਕੰਪਨੀਆਂ ਜਾਂ ਸੀ. ਪੀ. ਵਾਲਿਆਂ ਦੇ ਜਹਾਜ਼ ਭਰ ਭਰ ਆਉਣੇ ਸ਼ੁਰੂ ਹੋ ਜਾਣੇ ਸਨ।

ਬਾਬਾ ਗੁਰਦਿੱਤ ਸਿੰਘ ਨੂੰ ਹਾਂਗਕਾਂਗ ਤੋਂ ਇੱਕ ਕੰਪਨੀ ਜਹਾਜ਼ ਕੌਮਾ ਗਾਟਾ ਮਾਰੂ ਭਾੜੇ ਉਪਰ ਲੈਣ ਤੋਂ ਪਿਛੋਂ, ਕਈ ਪਾਸਿਆਂ ਤੋਂ ਪਤਾ ਲੱਗਾ ਕਿ ਉਸ ਦੇ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ, ਸੋ ਇਹ ਵਿਪਾਰ ਉਹ ਲਈ ਮਹਿੰਗਾ ਪਵੇਗਾ। ਪਰ ਬਾਬਾ ਗੁਰਦਿੱਤ ਸਿੰਘ ਨੂੰ ਬਰਤਾਨਵੀ ਕਾਨੂੰਨ ਦੇ ਇਨਸਾਫ ਉਪਰ ਵਿਸ਼ਵਾਸ਼ ਸੀ। ਉਹ ਸਮਝਦੇ ਸਨ ਕਿ ਜੇਕਰ ਅਧਿਕਾਰੀ ਉਸ ਦੇ ਕੌਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਰੋਕਣਗੇ ਤਾਂ ਉਹ ਇਨਸਾਫ ਲਈ ਕੈਨੇਡੀਅਨ ਅਦਾਲਤ ਦੇ ਬੂਹੇ ਖੜਕਾਵੇਗਾ, ਜਿਥੋਂ ਲਾਜ਼ਮੀ ਉਸ ਦੀ ਜਿੱਤ ਹੋਵੇਗੀ।

ਕੌਮਾਗਾਟਾ ਬਾਰੇ ਕੈਨੇਡੀਅਨ ਅਖਬਾਰਾਂ ਵਿਚ ਵੀ ਖਬਰਾਂ ਛਪਣ ਲੱਗੀਆਂ ਸਨ। ਵੈਨਕੂਵਰ ਏਰੀਏ ਦਾ ਟੋਰੀ ਐਮ. ਪੀ. ਮਿ: ਸਟੀਵਨਜ਼ ਅਤੇ


**dhannu printing co. ltd.**

**ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

"FOR ALL YOUR PRINTING NEEDS"

Ph. Bus. 585-2004 Res. 585-7916

10281 - 133A St., SURREY, B.C. V3T 4A1

ਭਾਰਤੀਆਂ ਦੀ ਜਾਸੂਸੀ ਕਰਨ ਵਾਲੇ ਇੱਕ ਅਰਧ-ਭਾਰਤੀ ਮਿ: ਹਾਪਕਿਨਸਨ, ਕੌਮਾ ਗਾਟਾ ਮਾਰੂ ਦੇ ਵੈਨਕੂਵਰ ਦੀ ਬੰਦਰਗਾਹ ਉਪਰ ਪੁੱਜਣ ਤੋਂ ਪਹਿਲਾਂ ਹੀ ਵਿਉਂਤਾ ਬਣਾਉਣ ਲੱਗੇ। ਇਸ ਨਾਲ ਕੈਨੇਡਾ ਦੇ ਭਾਰਤੀ ਵੀ ਚੌਕੰਨੇ ਹੋ ਗਏ ਸਨ। ਵਿਕਟੋਰੀਆ ਤੋਂ ਛਪਣ ਵਾਲਾ ਪੰਜਾਬੀ ਪੰਦਰਾਂਰੋਜ਼ 'ਸੰਸਾਰ' ਆਉਣ ਵਾਲੇ ਭਾਰਤੀ ਮੁਸਾਫਿਰਾਂ ਦੀ ਸਹਾਇਤਾ ਲਈ ਏਕਤਾ ਨਾਲ ਤਿਆਰੀ ਕਰਨ ਦਾ ਜ਼ੋਰਦਾਰ ਢੰਗ ਨਾਲ ਪਰਚਾਰ ਕਰ ਰਿਹਾ ਸੀ।

ਕੈਨੇਡਾ ਵਿਚ ਦੇ ਭਾਰਤੀ, ਜਿਥੇ ਇੱਕ ਪਾਸੇ ਨਸਲੀ ਭੇਦਭਾਵ ਦੇ ਕਾਰਨ ਗੁੱਸੇ ਵਿਚ ਸਨ, ਉਥੇ ਭਾਰਤ ਤੋਂ 'ਸਿੱਧੇ ਜਹਾਜ਼ ਉਪਰ' ਆ ਸਕਣ ਦੀ ਸ਼ਰਤ ਦੇ ਵਿਤਕਰੇ ਵਾਲੇ ਕਾਨੂੰਨ ਦੇ ਬਣਨ ਦੇ ਕਾਰਨ ਨੂੰ, ਭਾਰਤ ਦੇ ਅੰਗਰੇਜ਼-ਸਾਮਰਾਜ ਦੇ ਗੁਲਾਮ ਹੋਣ ਨੂੰ ਸਮਝਣ ਲੱਗੇ।

ਕੈਨੇਡਾ ਵਿਚ, ਰਹਿੰਦੇ ਭਾਰਤੀ ਲੋਕਾਂ ਉਪਰ, ਸਾਂਨ ਫਰਾਂਸਿਸਕੋ (ਅਮਰੀਕਾ) ਵਿਚ ਦੀ ਗਦਰ ਪਾਰਟੀ ਦੇ ਪਰਚਾਰਕ 'ਗਦਰ' ਅਖਬਾਰ ਦਾ ਕਾਫੀ ਪ੍ਰਭਾਵ ਸੀ। ਏਥੇ ਭਾਈ ਭਾਗ ਸਿੰਘ, ਭਾਈ ਬਲਦੇਵ ਸਿੰਘ, ਪੰਡਿਤ ਸੋਹਣ ਲਾਲ ਪੱਟੀ, ਹਸਨ ਰਹੀਮ (ਗੁਜਰਾਤ), ਤਰਨ ਨਾਥ ਦਾਸ (ਬੰਗਾਲ) ਆਦਿ ਰਾਜਨੀਤਕ ਸੂਝਵਾਲੇ ਆਗੂ ਸਾਰੇ ਮਸਲੇ ਨੂੰ ਗੰਭੀਰਤਾ ਨਾਲ ਲੈ ਰਹੇ ਸਨ। ਤਾਰਨ ਨਾਥ ਦਾਸ ਹੁਣ ਅਮਰੀਕਾ ਵਿਚ, ਸਿਆਟਲ ਤੋਂ ਵੈਨਕੂਵਰ ਦੇ ਦੇਸ਼ ਭਗਤਾਂ ਨਾਲ ਸੰਪਰਕ ਰੱਖ ਰਿਹਾ ਸੀ। ਇਹ ਆਗੂ ਲੋਕਾਂ ਨੂੰ ਦੱਸ ਰਹੇ ਸਨ ਕਿ ਭਾਰਤੀਆਂ ਨਾਲ ਹੋ ਰਿਹਾ ਵਿਤਕਰਾ ਅਤੇ ਦਾਖਲੇ ਲਈ ਪੈਦਾ ਕੀਤੀਆਂ ਮੁਸ਼ਕਲਾਂ ਭਾਰਤੀ ਅਤੇ ਕੈਨੇਡੀਅਨ ਸਰਕਾਰਾਂ ਦੀ ਤੇ ਅੰਗਰੇਜ਼ੀ ਸਾਮਰਾਜ ਦੀ ਸਾਂਝੀ ਸਾਜ਼ਸ ਦਾ ਨਤੀਜਾ ਸੀ। ਜਿਹੜੇ ਆਮ ਭਾਰਤੀ ਲੋਕ ਪਹਿਲਾਂ ਰਾਜਨੀਤਕ ਮਸਲਿਆਂ ਤੋਂ ਪਰੇ ਰਹਿ ਕੇ ਸਿਰਫ ਦਿਨ ਰਾਤ ਕੰਮਾਂ ਵਿਚ ਹੀ ਲੱਗੇ ਰਹਿੰਦੇ ਸਨ, ਉਹ ਹੁਣ ਵਿਤਕਰਿਆਂ ਨੂੰ ਭਾਰਤ ਦੀ ਗੁਲਾਮੀ ਦੇ ਅਰਥ ਵਜੋਂ ਸਮਝਣ ਲੱਗੇ ਸਨ।

ਕੌਮਾਗਾਟਾ ਮਾਰੂ 23 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੇ ਪੁੱਜਿਆ। ਇਸ ਨੂੰ ਬੰਦਰਗਾਹ ਤੋਂ ਹਟਵਾਂ ਹੀ ਰੋਕ ਰੱਖਿਆ ਗਿਆ। 23 ਜੁਲਾਈ ਨੂੰ ਇਸ ਨੂੰ ਮਜਬੂਰਨ ਵਾਪਸ ਪਰਤਣਾ ਪਿਆ।

ਕੌਮਾਗਾਟਾ ਮਾਰੂ ਦੇ ਦੋ ਮਹੀਨੇ ਵੈਨਕੂਵਰ ਦੇ ਲਾਗੇ ਸਮੁੰਦਰ ਵਿਚ ਠਹਿਰਨ ਦੇ ਸਮੇਂ ਬਾਬਾ ਗੁਰਦਿੱਤ ਸਿੰਘ ਅਤੇ ਕੈਨੇਡਾ ਵਿਚ ਕੌਮਾਗਾਟਾ ਮਾਰੂ ਦੇ ਮਸਲੇ ਉਤੇ ਸਹਾਇਤਾ ਕਰਨ ਲਈ ਬਣੀ ਭਾਰਤੀਆਂ ਦੀ ਕਮੇਟੀ ਨੇ ਜੋ ਕਾਨੂੰਨੀ ਚਾਰਾਜੋਈ ਕੀਤੀ, ਸਰਕਾਰ ਵਲੋਂ ਉਸ ਨੂੰ ਉਚੀ ਅਦਾਲਤ ਤੋਂ ਪਰੇ ਰੱਖਣ ਦੇ ਭਰਪੂਰ ਯਤਨ ਕੀਤੇ ਗਏ।

ਉਸ ਸਮੇਂ ਦੀ ਫੈਡਰਲ ਟੋਰੀ ਸਰਕਾਰ ਨੇ, ਐਮ. ਪੀ. ਸਟੀਵਨ ਅਤੇ ਭਾਰਤ ਸਰਕਾਰ ਦੇ ਜਾਸੂਸ ਹਾਪਕਿੰਨਸਨ, ਜੋ ਇੰਮੀਗਰੇਸ਼ਨ ਮਹਿਕਮੇਂ ਵਿਚ ਵੀ ਕੰਮ ਕਰਦਾ ਸੀ, ਦੇ ਰਾਹੀਂ, ਹਰ ਹਰਬਾ ਵਰਤ ਕੇ ਕੌਮਾਗਾਟਾਮਾਰੂ ਦੇ ਮੁਸਾਫਿਰਾਂ ਨੂੰ ਕੈਨੇਡਾ ਵਿਚ ਉਤਰਨ ਨਾ ਦਿੱਤਾ ਅਤੇ ਜਹਾਜ਼ ਨੂੰ ਵਾਪਸ ਮੋੜ ਦਿੱਤਾ।

ਇਹ ਦੋ ਮਹੀਨੇ ਦਾ ਸਮਾਂ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਅਤੇ ਕੌਮਾਗਾਟਾ ਮਾਰੂ ਦੇ ਭਾਰਤੀ ਮੁਸਾਫਰਾਂ ਵਿਰੁੱਧ, ਸਰਕਾਰੀ ਅਤੇ ਗੈਰ ਸਰਕਾਰੀ ਨਸਲਵਾਦ ਦੀ ਸਿਖਰ ਸੀ। ਜਹਾਜ਼ ਨੂੰ ਮਜਬੂਰਨ ਵਾਪਸ ਮੋੜਨ ਲਈ, ਕੈਨੇਡੀਅਨ ਨੇਵੀ ਦੇ ਲੜਾਕੂ ਜਹਾਜ਼ 'ਰੇਨਵੋ' ਨੂੰ ਨਿਹੱਥੇ ਲੋਕਾਂ ਉਪਰ ਗੋਲਾਬਾਰੀ ਕਰਨ ਲਈ ਲੈ ਆਉਣਾ, ਜ਼ੁਲਮ ਦੀ ਹੱਦ ਸੀ। ਬੇਸ਼ਕ ਤੋਪਾਂ ਦਾਗਣ ਦਾ ਹੁਕਮ ਐਨ ਅੰਤਮ ਸਮੇਂ ਰੋਕ ਲਿਆ ਗਿਆ ਸੀ, ਨਹੀਂ ਤੇ ਰੇਨਵੋ ਵਲੋਂ ਕੀਤਾ ਜਾਣ ਵਾਲਾ ਇਹ ਕਤਲੇਆਮ ਜੱਲ੍ਹਿਆਂਵਾਲੇ ਬਾਗ ਦੀ 1919 ਦੀ ਵਿਸਾਖੀ ਤੋਂ ਪੰਜ ਸਾਲ ਪਹਿਲਾਂ ਵਾਪਰ ਜਾਣਾ ਸੀ।

ਇੱਕ ਵੱਡੇ ਸਰਕਾਰੀ ਦਬਾਓ ਅੱਗੇ, ਕੈਨੇਡਾ ਵਿਚ ਦੇ ਭਾਰਤੀਆਂ ਅਤੇ ਕੌਮਾਗਾਟਾ ਮਾਰਗ ਦੇ ਮੁਸਾਫਰਾਂ ਦਾ ਡੱਟ ਕੇ ਮੁਕਾਬਲਾ ਕਰਨਾ ਅਤੇ ਬਹਾਦਰੀ ਨਾਲ ਇਨਸਾਫ ਪ੍ਰਾਪਤ ਕਰਨ ਦੇ ਹੱਕ ਉਤੇ ਦ੍ਰਿੜਤਾ ਨਾਲ ਖੜਨਾ, ਇੱਕ ਮਹਾਨ ਕਾਰਨਾਮਾ ਸੀ। ਇਹ ਦੋ ਮਹੀਨਿਆਂ ਦੀ ਜਹਾਜ਼ ਵਿਚ ਦੀ ਕੈਦ, ਕਿਸੇ ਤਰਾਂ ਵੀ ਕਾਲੇ ਪਾਣੀਆਂ ਤੇ ਉਮਰ ਕੈਦ ਦੇ ਤਸੀਹਿਆਂ ਤੋਂ ਘੱਟ ਨਹੀਂ ਸੀ। ਕਹਿਰ ਦੀ ਗਰਮੀ ਵਿਚ ਮੁਸਾਫਰਾਂ ਨੂੰ ਕਈ ਕਈ ਦਿਨ ਪੀਣ ਲਈ ਪਾਣੀ ਤੱਕ ਵੀ ਨਾ ਦਿੱਤਾ ਗਿਆ। ਨਸਲਵਾਦੀ ਗੋਰੀ ਟੋਰੀ ਸਰਕਾਰ ਦੀ ਗੈਰ-ਮਨੁੱਖੀ ਜ਼ਮੀਰ ਇੰਨੀ ਭਰਿਸ਼ਟ ਹੋ ਚੁੱਕੀ ਸੀ ਕਿ ਮਨੁੱਖੀ ਜੀਵਨ ਲਈ ਪਾਣੀ ਵਰਗੀ ਜ਼ਰੂਰੀ ਚੀਜ਼ ਵੀ ਦੇਣ ਤੋਂ ਇਨਕਾਰ ਕੀਤਾ ਗਿਆ।

ਕੌਮਾਗਾਟਾ ਮਾਰੂ ਦੇ ਵਾਪਸੀ ਸਮੁੰਦਰੀ ਸਫਰ ਲਈ 376 ਮੁਸਾਫਰਾਂ ਲਈ ਰਾਸ਼ਨ ਦੇਣ ਤੋਂ ਵੀ ਇਨਕਾਰ ਕੀਤਾ ਗਿਆ ਕਿ ਇਹ ਰਾਹ ਵਿਚ ਭੁੱਖੇ ਮਰ ਜਾਣ। ਪਰ ਮੁਸਾਫਰਾਂ ਵਲੋਂ, ਰਾਸ਼ਨ ਬਿਨਾਂ ਵਾਪਸ ਜਾਣ ਤੋਂ ਇਨਕਾਰ ਕਰਨਾ ਹੀ, 'ਰੇਨਵੋ' ਦੇ ਗੋਲੇ ਦਾਗਣ ਦਾ ਕਾਰਨ ਬਣਨਾ ਸੀ। ਫਿਰਕੂ ਜਨੂੰਨ ਵਾਂਗ, ਨਸਲਵਾਦੀ ਨਫਰਤ ਵੀ ਕਿਥੋਂ ਤੱਕ ਇਨਸਾਨ ਦੀ ਜ਼ਮੀਰ ਨੂੰ ਗਰਕ ਕਰ ਦਿੰਦਾ ਹੈ।

ਉਸ ਸਮੇਂ ਕੌਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਮਨਾਂ ਉਪਰ ਜੋ ਬੀਤੀ ਹੋਵੇਗੀ, ਉਸ ਦਾ ਨਾ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਤੇ ਨਾ ਹੀ ਉਨ੍ਹਾਂ ਦੀਆਂ ਬਰਦਾਸ਼ਤ ਕੀਤੀਆਂ ਮੁਸ਼ਕਲਾਂ ਨੂੰ ਕਿਸੇ ਇਵਜ਼ਾਨੇ ਦੀ ਰਾਸ਼ੀ ਨਾਲ ਹੀ ਮਾਪਿਆ ਜਾ ਸਕਦਾ ਹੈ।

ਕੌਮਾਗਾਟਾ ਮਾਰੂ ਦੇ 376 ਮੁਸਾਫਰ ਹੀ ਪੰਜਾਬ ਨਾਲ ਸੰਬੰਧਿਤ ਸਨ। ਉਹ ਭਾਵੇਂ ਧਾਰਮਿਕ ਤੌਰ ਉਪਰ ਹਿੰਦੂ, ਸਿੱਖ ਜਾਂ ਮੁਸਲਮਾਨ ਸਨ ਪਰ ਉਹ ਚੰਗੇ ਜੀਵਨ ਅਤੇ ਰੋਜ਼ੀ ਲਈ ਸੈਂਕੜੇ ਮੁਸ਼ਕਲਾਂ ਵਿਚੋਂ ਲੰਘ ਕੇ ਇਥੇ ਪੁੱਜੇ ਸਨ ਜਿਸ ਵਿਚ ਉਹ ਸਫਲ ਨਾ ਹੋਣ ਦਿੱਤੇ ਗਏ।

ਭਾਰਤ ਦੇ ਸਮੁੱਚੇ ਸੁਤੰਤਰਤਾ ਸੰਗਰਾਮ ਵਿਚ, ਪੰਜਾਬੀਆਂ ਦੇ ਬਹਾਦਰਦਾਨਾਂ ਹਿੱਸੇ ਨੂੰ ਕੁਝ ਖੁਦਗਰਜ਼ ਫਿਰਕਾਪ੍ਰਸਤ, ਪੰਜਾਬੀਆਂ ਦੀਆਂ ਸੁਤੰਤਰਤਾਂ ਲਈ ਕੀਤੀਆਂ ਕੁਰਬਾਨੀਆਂ ਨੂੰ 'ਸਿੱਖਾਂ ਦਾ ਹਿੱਸਾ' ਆਖ ਕੇ, ਆਪਣੇ ਤੰਗ ਨਜ਼ਰ ਫਿਰਕੂ ਮਨੋਰਥਾਂ ਦੀ ਪੂਰਤੀ ਲਈ ਉਛਾਲ ਰਹੇ ਹਨ। ਅਜਿਹਾ ਸੋਚਣ ਤੇ ਪਰਚਾਰਨ ਵਾਲੇ ਲੋਕ, ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਰਾਜਨੀਤਕ ਆਜ਼ਾਦੀ ਅਤੇ ਬਰਤਾਨਵੀ ਬਸਤੀਵਾਦੀਆਂ ਨੂੰ ਦਿੱਤੀ ਹਾਰ ਦੀ ਮਹਾਨਤਾ ਨੂੰ ਕਲੰਕਤ ਕਰਨ ਉਪਰ ਤੁਲੇ ਹੋਏ ਹਨ। ਅੱਜ ਦੇ ਹਿੰਦੂ, ਸਿੱਖ ਤੇ ਮੁਸਲਮਾਨ ਫਿਰਕਾ ਪ੍ਰਸਤ ਲੀਡਰ ਅਤੇ ਵੱਖਵਾਦੀ ਦੱਸਣ ਕਿ ਉਹ ਕਿਵੇਂ ਸ. ਕਰਤਾਰ ਸਿੰਘ ਸਰਾਭਾ, ਸ. ਭਗਤ ਸਿੰਘ, ਮਦਨ ਲਾਲ ਢੀਂਗਰਾ, ਬਰਕਤ ਉਲ੍ਹਾ ਖੁਦੀ ਰਾਮ ਬੋਸ, ਸੂਫੀ ਅੰਬਾ ਪ੍ਰਸਾਦ, ਸ਼ਹੀਦ ਉਦਮ ਸਿੰਘ ਆਦਿ ਵਿਚੋਂ ਕਿਸੇ ਦੇ ਨਕਸ਼ੇ ਕਦਮ ਅਤੇ ਉਦੇਸ਼ਾ ਉੱਪਰ ਚੱਲ ਰਹੇ ਹਨ ? ਕੀ ਇਨ੍ਹਾਂ ਦੀ ਕਰਤੂਤ ਅੰਗਰੇਜ਼ਾਂ ਦੇ ਟੋਡੀਆਂ, ਗਦਾਰਾਂ, ਦੇਸ਼ ਧਰੋਹੀ ਬੇਲਾ ਸਿੰਘ ਜੀਅਣ ਨਾਲ ਨਹੀਂ ਮਿਲਦੀ ? ਇਹ ਅੱਜ ਅਮਰੀਕਨ ਸਾਮਰਾਜ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਲੋਕਾਂ ਦੀ ਏਕਤਾ ਨੂੰ ਤੋੜ ਰਹੇ ਹਨ।

ਇਹ ਭਾਰਤ ਦੀ ਪੂੰਜੀਪਤੀ - ਜਾਗੀਰੂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਸਿਤਮਜ਼ਰੀਫੀ ਹੈ ਕਿ ਅੱਜ ਫਿਰ ਸਾਮਰਾਜੀਆਂ ਦੀ ਸ਼ਹਿ ਉਪਰ ਦੇਸ਼ ਦੇ ਟੁਕੜੇ ਕਰਨ ਵਾਲੇ ਅਤੇ ਲੋਕਾਂ ਨੂੰ ਫਿਰਕੂ ਲੀਹਾਂ ਉਪਰ ਵੰਡਣ ਦੇ ਘਿਨਾਉਣੇ ਯਤਨ ਕਰਨ ਵਾਲੇ ਦੇਸ਼ ਧਰੋਹੀ ਪੈਦਾ ਹੋ ਗਏ ਹਨ।

ਕੌਮਾਗਾਟਾ ਮਾਰੂ ਦੇ ਏਥੇ ਪੁੱਜਣ ਸਮੇਂ ਵੈਨਕੂਵਰ ਦਾ ਗੁਰਦੁਆਰਾ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਕੇਂਦਰ ਸੀ। ਪਰ ਅਫਸੋਸ ਹੈ ਕਿ ਹੁਣ ਵੈਨਕੂਵਰ ਏਰੀਏ ਦੇ ਕਈ ਗੁਰਦੁਆਰੇ ਵੱਖਵਾਦੀਆਂ ਦੇ ਅੱਡੇ ਬਣੇ ਹੋਏ ਹਨ। ਫਿਰਕਾਪ੍ਰਸਤ ਪਰਚਾਰਕ ਸਿੱਖੀ ਦੇ ਮਹਾਨ ਮਾਨਵਵਾਦੀ ਸਿਧਾਂਤਾਂ ਦੀ ਫਿਰਕੂ ਜਨੂੰਨ ਦੇ ਸੰਚੇ ਵਿਚ ਫਿੱਟ ਕਰਕੇ ਵਿਆਖਿਆ ਕਰ ਰਹੇ ਹਨ। ਉਹ ਧਰਮ ਅਤੇ ਰਾਜਨੀਤੀ ਨੂੰ ਰਲ ਗੱਡ ਕਰ ਰਹੇ ਹਨ। ਸਿੱਖ ਧਰਮ 'ਸਰਬੱਤ ਦਾ ਭਲਾ' ਲੋੜਦਾ ਹੈ ਅਤੇ ਸਿੱਖ ਸਿਆਸਤ ਕੇਵਲ ਸਿੱਖ-ਜਾਗੀਰਦਾਰਾਂ, ਧਨੀਆਂ, ਵਿਪਾਰੀਆਂ ਆਦਿ ਦੇ ਪੱਖ ਵਿਚ ਭੁਗਤਦੀ ਹੈ। ਇਹ ਆਮ ਮਿਹਨਤੀ ਸਿੱਖਾਂ ਨੂੰ ਆਪਣੇ ਹਿੱਤਾਂ ਲਈ ਵਰਤ ਰਹੀ ਹੈ।

ਕੌਮਾਗਾਟਾ ਮਾਰੂ ਦੇ ਮੁਸਾਫਰ ਵੈਨਕੂਵਰ ਪਹੁੰਚਣ, ਠਹਿਰਨ ਅਤੇ ਵਾਪਸ ਮੁੜਨ ਤੱਕ ਦੇ ਲੱਗਭੱਗ ਛੇ ਮਹੀਨਿਆਂ ਲਈ ਭਾਰਤੀ ਔਕੜਾਂ ਵਿਚ ਫਸੇ ਰਹੇ ਸਨ। ਉਹਨਾਂ ਮਾਲੀ ਨੁਕਸਾਨ ਨਾਲੋਂ ਕਿਤੇ ਵੱਧ ਕਠਨਾਈਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਉਪਰ ਜਰਿਆ। ਉਹ ਸਫਰ ਦੀਆਂ ਮੁਸ਼ਕਲਾਂ ਨਾਲ ਦੋ-ਚਾਰ ਹੁੰਦੇ ਹੋਏ, ਮਨਾਂ ਵਿਚ ਅੰਗਰੇਜ਼ ਸਰਕਾਰ ਵਿਰੁੱਧ ਵੱਡਾ ਰੋਹ ਲੈ ਕੇ 29 ਸਤੰਬਰ 1914 ਨੂੰ ਬੱਜ ਬੱਜ ਘਾਟ ਕੱਲਕੱਤਾ ਉਤੇ ਪਹੁੰਚੇ।

ਸਰਕਾਰ ਨੇ ਕਲਕੱਤਾ ਪੁੱਜਣ ਉਪਰ ਉਨ੍ਹਾਂ ਨਾਲ ਵਿਦਰੋਹੀਆਂ ਵਾਲਾ ਸਲੂਕ ਕੀਤਾ। ਉਨ੍ਹਾਂ ਨੂੰ ਕੈਦੀਆਂ ਵਾਂਗ ਵਾਪਸ ਪੰਜਾਬ ਲਿਜਾਣ ਲਈ

ਕਈ ਪਾਪੜ ਵੇਲੇ ਗਏ । ਉਸੇ ਸ਼ਾਮ ਨੂੰ ਉਨ੍ਹਾਂ ਉੱਪਰ ਬਿਨ੍ਹਾਂ ਚਿਤਾਵਨੀ ਦੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ ।

ਪਿਛੋਂ ਸਰਕਾਰ ਵਲੋਂ ਬੈਠਾਈ ਇੱਕ ਪੰਜ ਮੈਂਬਰੀ ਕਮੇਟੀ ਨੇ ਕਸੂਰ ਮੁਸਾਫਰਾਂ ਸਿਰ ਮੜ੍ਹ ਦਿੱਤਾ । ਉਸ ਨੇ 20 ਮੁਸਾਫਰਾਂ ਦੇ ਮਾਰੇ ਜਾਣ ਦੀ ਰੀਪੋਰਟ ਦਿੱਤੀ ਜਦੋਂ ਕਿ ਇਸ ਤੋਂ ਵੱਧ ਮੁਸਾਫਰਾਂ ਦੇ ਮਾਰੇ ਜਾਣ ਦੀ ਅਸਲੀਅਤ ਪਿਛੋਂ ਸਾਹਮਣੇ ਆ ਗਈ ਹੈ ।

ਬੱਜ ਬੱਜ ਉੱਪਰ ਗੋਲੀ ਚੱਲਣ ਸਮੇਂ ਮਾਰੇ ਜਾਣ ਵਾਲਿਆਂ ਤੋਂ ਬਿਨ੍ਹਾਂ ਕੁਝ ਫੜ ਲਏ ਗਏ, ਕੁਝ ਭੱਜ ਗਏ । ਬਾਬਾ ਗੁਰਦਿੱਤ ਸਿੰਘ ਵੀ ਇਸ ਸਮੇਂ ਨਿਕਲਣ ਵਿਚ ਸਫਲ ਹੋ ਗਏ ਸਨ ਪਰ ਉਹ ਆਪਣੇ ਪੁੱਤਰ ਤੋਂ ਵਿਛੜ ਗਏ ਸਨ ਜੋ ਸੱਤ ਸਾਲ ਦੀ ਉਮਰ ਦਾ ਸੀ ।

ਕੌਮਾਗਾਟਾ ਮਾਰੂ ਦੀ ਘਟਨਾ ਦਾ ਦੁੱਖਾਂ ਭਰਿਆ ਹਿੱਸਾ ਭਾਰਤ ਦੀ ਧਰਤੀ ਤੋਂ ਦੂਰ ਕੈਨੇਡਾ ਦੇ ਪਾਣੀਆਂ ਵਿਚ ਵਾਪਰਿਆ ਪਰ ਇਸ ਦਾ ਦਰਦਨਾਕ ਅੰਤ ਭਾਰਤ ਦੀ ਧਰਤੀ ਤੇ ਹੋਇਆ । ਪੰਜ ਮੈਂਬਰੀ ਸਰਕਾਰੀ ਪੜਤਾਲੀਆਂ ਕਮੇਟੀ ਵਲੋਂ ਮੁਸਾਫਰਾਂ ਉੱਤੇ ਗੋਲੀ ਚਲਾਏ ਜਾਣ ਦਾ ਦੋਸ਼ ਲਾਉਣਾ, ਸਾਮਰਾਜੀਆਂ ਨੂੰ ਮੁਸਾਫਰਾਂ ਦੇ ਕਤਲੇਆਮ ਦੇ ਦੋਸ਼ ਤੋਂ ਮੁਕਤ ਕਰਨ ਲਈ ਹੀ ਸੀ । ਜੇਕਰ ਜ਼ਹਾਜ਼ ਦੇ ਵੈਨਕੂਵਰ ਪੁੱਜਣ ਅਤੇ ਵਾਪਸ ਮੁੜਨ ਦੀਆਂ ਘਟਨਾਵਾਂ ਨੂੰ ਦੇਖੀਏ ਤਾਂ ਬਰਤਾਨਵੀ ਸਾਮਰਾਜੀਆਂ, ਕੈਨੇਡਾ ਦੀ ਟੋਰੀ ਸਰਕਾਰ ਅਤੇ ਭਾਰਤ ਵਿਚ ਦਾ ਬਸਤੀਵਾਦੀ ਰਾਜ ਪ੍ਰਬੰਧ ਤੇ ਇਨ੍ਹਾਂ ਸਰਕਾਰਾਂ ਦੇ ਝੋਲੀ ਚੁੱਕ ਗਦਾਰ ਮਿਲਕੇ, ਕੌਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਕੈਨੇਡਾ ਜਾਣ ਦੇ ਯਤਨ ਦੇ 'ਦੋਸ਼' ਦੀ ਸਜ਼ਾ ਦੇਣ ਲਈ ਲੱਗੇ ਹੋਏ ਸਨ । ਕੈਨੇਡੀਅਨ ਨੇਵੀ ਦੇ ਜੰਗੀ ਬੇੜੇ 'ਰੇਨਵੋ' ਦੀ ਗੋਲਾਬਾਰੀ ਤੋਂ ਬੱਚ ਨਿਕਲਣ ਪਿਛੋਂ, ਕੌਮਾ ਗਾਟਾ ਮਾਰੂ ਦੇ ਮੁਸਾਫਰਾ ਦਾ, ਬੱਜ ਬੱਜ ਘੱਟ ਉੱਪਰ ਗੋਲੀਆਂ ਦਾ ਸ਼ਿਕਾਰ ਹੋਣਾ ਸਮਝ ਆਉਣ ਵਾਲੀ ਗੱਲ ਹੈ ।

ਪੜਤਾਲੀਆ ਕਮੇਟੀ ਵਲੋਂ ਮੁਸਾਫਰਾਂ ਨੂੰ ਦੋਸ਼ੀ ਠਹਿਰਾਉਣ ਵਾਲੀ ਰੀਪੋਰਟ ਨਾਲ ਸਮੇਂ ਦੇ, ਮਾਡਰੇਟ ਕਾਂਗਰਸੀ ਆਗੂਆਂ ਦਾ ਸਹਿਮਤ ਹੋਣਾ, ਇਸ ਗੱਲ ਦਾ ਸੂਚਕ ਹੈ ਕਿ ਉਹ ਅੰਗਰੇਜ਼ ਸਾਮਰਾਜ ਨਾਲ ਸਮਝੌਤਾ ਕਰਕੇ ਰਾਜ ਸੱਤਾ ਸੰਭਾਲਣਾ ਚਾਹੁੰਦੇ ਸਨ । ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਉਹ ਆਮ ਲੋਕਾਂ ਨਾਲੋਂ ਟੁੱਟੇ ਹੋਏ ਸਨ । ਉਹ ਗਰਮ ਦਲੀ ਆਗੂ ਹੀ ਸਨ ਜੋ ਆਮ ਲੋਕਾਂ ਦੇ ਨੇੜੇ ਸਨ ਜਿਨ੍ਹਾਂ ਨੂੰ ਪਿਛੋਂ ਮਹਾਤਮਾ ਗਾਂਧੀ ਦੀ ਲੀਡਰ ਸ਼ਿਪ ਸਮੇਂ ਇੱਕ ਇੱਕ ਕਰਕੇ ਜਾਂ ਤਾਂ ਪਾਸੇ ਕਰ ਦਿੱਤਾ ਗਿਆ ਜਾਂ ਉਹ ਚਲਾਣਾ ਕਰ ਗਏ ।

ਕਈ ਸਾਲ ਪਿਛੋਂ ਬਾਬਾ ਗੁਰਦਿੱਤ ਸਿੰਘ ਜਦੋਂ ਆਪ ਮਹਾਤਮਾ ਗਾਂਧੀ ਨੂੰ ਤੇ ਹੋਰਨਾਂ ਕਾਂਗਰਸੀ ਲੀਡਰਾਂ ਨੂੰ ਮਿਲ ਸਕੇ, ਤਾਂ ਜਾ ਕੇ ਕਾਂਗਰਸੀ ਆਗੂ ਇਸ ਤੱਥ ਨਾਲ ਸਹਿਮਤ ਹੋਏ ਕਿ ਮੁਸਾਫਰਾਂ ਉੱਪਰ ਪੁਲਸ ਵਲੋਂ ਗੋਲੀ ਚਲਾਈ ਗਈ ਸੀ । ਹੋ ਸਕਦਾ ਹੈ ਕਾਂਗਰਸੀ ਆਗੂਆਂ ਦੇ ਬਾਬਾ ਗੁਰਦਿੱਤ ਸਿੰਘ ਨਾਲ ਸਹਿਮਤ ਹੋਣ ਦਾ ਕਾਰਨ, ਉਹਨਾਂ ਦਾ ਕਾਂਗਰਸ ਵਿਚ ਸ਼ਾਮਲ ਹੋ ਜਾਣਾ ਸੀ ।

ਕੁਝ ਵੀ ਹੈ, ਬਾਬਾ ਗੁਰਦਿੱਤ ਸਿੰਘ ਅਤੇ ਕੌਮਾਗਾਟਾ ਮਾਰੂ ਦਾ ਸਮੁੱਚਾ ਦੁਖਾਂਤ ਨਸਲਵਾਦ ਵਿਰੁੱਧ, ਸਾਮਰਾਜੀ ਜਬਰ ਵਿਰੁੱਧ, ਕੌਮੀ ਮੁਕਤੀ ਲਹਿਰ ਦਾ ਬਹਾਦਰਾਨਾ ਸੰਘਰਸ਼ ਦਾ ਇੱਕ ਮਹਾਨ ਕਾਂਡ ਹੈ ।

1989 ਦਾ ਸਾਲ ਕੌਮਾ ਗਾਟਾ ਮਾਰੂ ਦਾ ਦੁਖਾਂਤ ਵਾਪਰਨ ਦਾ ਪੰਝਤਰਵਾਂ ਸਾਲ ਹੈ । ਇਸ ਸਮੇਂ ਇਤਿਹਾਸ ਦੇ ਖੋਜੀਆਂ, ਰਾਜਨੀਤਕ ਵਿਦਵਾਨਾਂ ਅਤੇ ਹੋਰਨਾਂ ਲੇਖਕਾਂ ਨੂੰ ਇੱਕ ਕੌਮੀ ਮੁਕਤੀ ਲਹਿਰ ਵਿਚ ਵਾਪਰੀ ਮਹੱਤਵਪੂਰਨ ਘਟਨਾ ਦੀ ਮੁੜ ਤੋਂ ਖੋਜ ਕਰਨੀ ਚਾਹੀਦੀ ਹੈ । ਇਸ ਸੰਬੰਧੀ ਲਿਖੀ ਸਮੁੱਚੀ ਸਮਗਰੀ ਦੇ ਤੱਥਾਂ ਨੂੰ ਮੁੜ ਘੋਖਣ ਦੀ ਲੋੜ ਹੈ ।

ਇਸ ਸਮੇਂ ਲੋੜ ਹੈ ਕਿ ਬੱਜ ਬੱਜ ਘਾਟ ਉੱਪਰ ਹੋਏ ਕਤਲੇਆਮ ਦੀ ਪੜਤਾਲੀਆ ਕਮੇਟੀ ਦੇ ਪੰਜ ਮੈਂਬਰਾਂ ਵਿਚੋਂ, ਦੋ ਭਾਰਤੀ ਮੈਂਬਰਾਂ ਕਪੂਰਥਲੇ ਦੇ ਮਹਾਰਾਜਾ ਦਿਲਜੀਤ ਸਿੰਘ ਅਤੇ ਬਰਧਵਾਨ ਦੇ ਮਹਾਰਾਜ ਅਧੀਰਾਜ ਸਰ ਵਿਜੈ ਚੰਦ ਮਹਾਤਾਬ ਦੀ ਦੇਸ਼ ਨਾਲ ਗਦਾਰੀ ਅਤੇ ਸਾਮਰਾਜੀਆਂ ਦੇ ਟੋਡੀਪਨ ਨੂੰ ਨੰਗਾ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਨਿਹੱਥੇ ਮੁਸਾਫਰਾਂ ਨੂੰ ਦੋਸ਼ੀ ਠਹਿਰਾਇਆ । ਇਨ੍ਹਾਂ ਦੋਵੇਂ ਰਜਵਾੜਿਆਂ ਦੇ ਦੇਸ਼ਧਰੋਹੀ ਕਿਰਦਾਰ ਨੂੰ ਲੋਕਾਂ ਵਿਚ ਉਘਾੜਿਆ ਜਾਵੇ । ਇਨ੍ਹਾਂ ਦੇ ਹਿੰਦੂ ਜਾਂ ਸਿੱਖ ਹੋਣ ਦਾ ਭਾਰਤ ਦੀ ਆਜ਼ਾਦੀ ਦੀ ਲਹਿਰ ਨਾਲ ਉਵੇਂ ਹੀ ਕੋਈ ਸੰਬੰਧ ਨਹੀਂ ਹੈ ਜਿਵੇਂ ਅੱਜ ਦੇ ਫਿਰਕਾ ਪ੍ਰਸਤ ਵੱਖਵਾਦੀਆਂ ਅਤੇ ਵੰਡਵਾਦੀਆਂ ਦਾ ਭਾਰਤ ਦੀ ਏਕਤਾ-ਅਖੰਡਤਾ ਨਾਲ ਕੋਈ ਸਬੰਧ ਨਹੀਂ ਹੈ ।

ਅੱਜ ਬੜੀ ਵੱਡੀ ਗਿਣਤੀ ਵਿਚ ਭਾਰਤੀ, ਇੰਗਲੈਂਡ, ਕੈਨੇਡਾ, ਅਮਰੀਕਾ, ਆਦਿ ਦੇਸ਼ਾਂ ਵਿਚ ਰਹਿ ਰਹੇ ਹਨ, ਜਿਨ੍ਹਾਂ ਦੀ ਵੱਡੀ ਗਿਣਤੀ ਪੰਜਾਬ ਨਾਲ ਸੰਬੰਧਿਤ ਹੈ । 1914 ਨਾਲੋਂ ਬਦਲਵੇਂ, ਅਜੋਕੇ ਸੰਸਾਰ ਵਿਚ ਸਾਮਰਾਜੀਆਂ ਦੇ ਨਵੇਂ ਲੁੱਟੂ ਢੰਗ ਤਰੀਕਿਆਂ ਅਤੇ ਲੁਕਵੇਂ ਤੇ ਪਰਗਟ ਨਸਲਵਾਦੀ ਰੂਪਾਂ ਨੂੰ ਪਛਾਣਨ ਦੀ ਲੋੜ ਹੈ ।

**FLAG**

CHEVROLET OLDSMOBILE LTD.

**15250 - 104th. AVENUE, SURREY, B.C.**

**CANADA V3R 6N8**

ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ । ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

ਸੇਲਜ਼ ਮੈਨੇਜਰ ਸੁੱਖੀ ਬਾਠ

**TEL. (604)584-7411**

**OR 645-3597 (Pager)**

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ ।

ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ । ਮੌਕੇ ਤੋਂ ਲਾਭ ਉਠਾਓ । ਅਸੀਂ ਸੇਵਾ ਲਈ ਹਾਜ਼ਰ ਹਾਂ ।



**TOP SALESMAN AWARD WINNER 1987**

# ਕਾਮਾ ਗਾਟਾ ਮਾਰੂ, ਕਨੇਡੀਅਨ ਨਸਲਵਾਦ ਅਤੇ ਬਰਤਾਨਵੀ ਸਾਮਰਾਜ:

ਗੁਰਨਾਮ ਸਿੰਘ ਸੰਘੇੜਾ

ਕਾਮਾ ਗਾਟਾ ਮਾਰੂ ਕਨੇਡੀਅਨ ਨਸਲਵਾਦੀ ਨੀਤੀਆਂ ਅਤੇ ਬਰਤਾਨਵੀ ਸਾਮਰਾਜ ਦੀਆਂ ਨਾਪਾਕ ਚਾਲਾਂ ਦਾ ਚਿੰਨ੍ਹ ਹੈ। ਕਾਮਾ ਗਾਟਾ ਮਾਰੂ ਭਾਰਤੀ ਲੋਕਾਂ ਦੀ ਇੱਕਮੁੱਠਤਾ, ਧਰਮਾਂ ਤੇ ਇਲਾਕਿਆਂ ਦੀਆਂ ਵੰਡਾਂ ਤੋਂ ਉਪਰ ਉੱਠ ਕੇ ਅਸਲੀ ਅਤੇ ਦਿਲੀ ਭਰਾਤਰੀ ਭਾਵਨਾ ਦਾ ਨਮੂਨਾ ਹੈ। ਇਸ ਜਹਾਜ਼ ਦੇ ਮੁਸਾਫਰਾਂ ਨੇ ਕਦੇ ਭੀ ਇਹ ਨਾ ਆਖਿਆ ਕਿ ਅਸੀਂ ਫਲਾ ਧਰਮ ਜਾਂ ਭਾਰਤ ਦੇ ਫਲਾਂ ਇਲਾਕੇ ਦੇ ਹਾਂ। ਕਨੇਡੀਅਨ ਸਰਕਾਰ ਨੇ 1908 ਵਿਚ ਭਾਰਤ ਆਦਿ ਤੋਂ ਗੈਰ ਚਿੱਟਿਆਂ ਦੀ ਇਮੀਗਰੇਸ਼ਨ ਬੰਦ ਕਰਨ ਲਈ ਇਮੀਗਰੈਂਟ ਦੇ ਦੇਸ਼ ਤੋਂ ਕਨੇਡਾ ਨੂੰ ਅਟੁੱਟ ਸਿਧਾ ਸਫਰ ਦਾ ਕਾਨੂੰਨ ਪਾਸ ਕੀਤਾ ਜੋ ਸਾਰੇ ਭਾਰਤੀਆਂ ਤੇ ਹੋਰ ਗੈਰ ਚਿੱਟੇ ਲੋਕਾਂ ਦੇ ਵਿਰੁੱਧ ਸੀ। ਸੋ ਕਾਮਾ ਗਾਟਾ ਮਾਰੂ ਦੇ ਆਰੰਭ ਵਿਚ ਭਾਵੇਂ ਕੋਈ ਮੰਤਵ ਸੀ ਪਰ ਅੰਤਮ ਤੌਰ ਤੇ ਉਹ ਕਨੇਡੀਅਨ ਨਸਲਵਾਦੀ ਇਮੀਗਰੇਸ਼ਨ ਨਿਯਮਾਂ ਅਤੇ ਇਸ ਦੀ ਹਰ ਪੱਧਰ ਤੇ ਨਸਲਵਾਦੀ ਨੀਤੀਆਂ ਦਾ ਵਿਰੋਧੀ ਤੇ ਚੈਲਿੰਜ ਹੋ ਨਿਬੜਿਆ। ਜਹਾਜ਼ ਨੂੰ ਵਾਪਸ ਭੇਜਣ ਲਈ ਜੋ ਅੰਗਰੇਜ਼ੀ ਸਾਮਰਾਜ ਤੇ ਉਸ ਦੇ ਭਾਰਤ ਤੋਂ ਚਾਲਕ ਹੌਪਕਿਨਸਨ ਦੇ ਦਬਾਅ, ਸਾਜ਼ਸ਼ਾਂ ਅਤੇ ਭਾਰਤੀ ਆਜ਼ਾਦੀ ਲਈ ਹਮਦਰਦੀ ਰੱਖਣ ਤੇ ਕੰਮ ਕਰਨ ਵਾਲਿਆਂ, ਉਪਰ ਨਜ਼ਰ-ਸਾਨੀ ਦੀਆਂ ਨਾਪਾਕ ਚਾਲਾਂ ਭੀ ਸਾਹਮਣੇ ਆਈਆਂ। ਇਸ ਜਹਾਜ਼ ਨੇ ਕੈਨੇਡਾ ਵਿਚ ਰਹਿੰਦੇ ਭਾਰਤੀਆਂ ਵਿਚ ਏਕਤਾ ਪੱਕੀ ਕੀਤੀ ਅਤੇ ਸਾਮਰਾਜੀਆਂ ਦੇ ਚਾਟੜਿਆਂ (ਜਿਵੇਂ ਅੱਜ ਦੇ ਭਾਰਤ ਵਿਰੋਧੀ ਵੱਖਵਾਦੀ ਗੱਦਾਰ) ਨੂੰ ਨੰਗੇ ਕੀਤੇ। ਅੰਤਮ ਤੌਰ ਤੇ ਇਹ ਜਹਾਜ਼ ਜਿਥੇ ਨਸਲਵਾਦ ਨੂੰ ਨੰਗਾ ਕਰਨ ਵਿਚ ਸਫਲ ਹੋਇਆ, ਉਥੇ ਦੂਜੇ ਪਾਸੇ ਭਾਰਤੀ ਆਜ਼ਾਦੀ ਅਤੇ ਇੱਕਮੁੱਠਤਾ ਲਈ ਜੂਝਣ ਵਾਲੀ ਸਪਿਰਟ ਤੇ ਪਰਵਾਨੇ ਭੀ ਪੈਦਾ ਕਰ ਗਿਆ।

ਇਹ ਜਹਾਜ਼ 23 ਮਾਰਚ 1914 ਨੂੰ ਵੈਨਕੂਵਰ ਪਹੁੰਚਿਆ ਅਤੇ 23 ਜੁਲਾਈ ਨੂੰ ਫੌਜੀ ਜੰਗੀ ਜਹਾਜ਼ ਦੀ ਮਦਦ ਨਾਲ ਇਥੋਂ ਕੱਢਿਆ ਗਿਆ। ਇਸ ਸਾਲ ਇਸ ਦੀ 75 ਵੀਂ ਵਰ੍ਹੇ ਗੰਢ ਨੂੰ ਬੜੇ ਉਚਿਤ ਢੰਗ ਨਾਲ ਮਨਾਉਣ ਜ਼ਰੂਰੀ ਹੈ ਤਾਂ ਕਿ ਇਸ ਦੇ ਨਸਲਵਾਦੀ ਵਿਰੋਧੀ ਤੇ ਭਾਰਤੀ ਆਜ਼ਾਦੀ ਤੇ ਅਖੰਡਤਾ ਲਈ ਮੁੜ ਯਾਦ ਤਾਜ਼ਾ ਕੀਤੀ ਜਾਏ। ਨਾਲ ਹੀ ਕਾਮਾ ਗਾਟਾ ਮਾਰੂ ਤੋਂ ਪਹਿਲਾਂ ਦੀਆਂ ਘਟਨਾਵਾਂ ਅਤੇ ਪਿਛੋਕੜ ਭੀ ਦੱਸਿਆ ਜਾਵੇ। ਇਸ ਗੱਲ ਨੂੰ ਮੁੱਖ ਰੱਖ ਕੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਇੱਕ ਵਿਸ਼ਾਲ ਸਿਆਸੀ ਮੀਟਿੰਗ ਕਰ ਰਹੀ ਹੈ। ਕਾਮਾ ਗਾਟਾ ਮਾਰੂ ਦੇ ਹੋਰ ਕਈ ਪੱਖਾਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਇਸ ਨੂੰ ਚਾਲੂ ਰੱਖਣ ਲਈ "ਕਾਮਾ ਗਾਟਾ ਮਾਰੂ ਫਾਊਂਡੇਸ਼ਨ" ਸਥਾਪਤ ਕੀਤੀ ਗਈ ਹੈ ਜੋ ਸਕੂਲਾਂ ਕਾਲਜਾਂ ਲਈ ਫਿਲਮ ਬਣਵਾਏਗੀ, ਸੈਮੀਨਾਰ ਹੋਣਗੇ ਅਤੇਹੈ ਵੈਨਕੂਵਰ ਸਿਟੀ ਨੂੰ ਯਾਦਗਾਰ ਬਨਾਉਣ ਲਈ ਆਖਿਆ ਗਿਆ ਹੈ ਤੇ ਫੈਡਰਲ ਸਰਕਾਰ ਨੂੰ ਵੀ ਇਸ ਮਸਲੇ ਤੇ ਆਖਿਆ ਗਿਆ ਹੈ। ਇਸ ਦਾ ਹੋਰ ਭੀ ਅਜੰਡਾ ਹੈ ਜੋ ਸਮੇਂ ਸਮੇਂ ਦੱਸਿਆ ਜਾਏਗਾ। ਕਾਮਾ ਗਾਟਾ ਮਾਰੂ ਕਿਸੇ ਇਲਾਕੇ, ਸੂਬੇ, ਜਾਤ ਜਾਂ ਧਰਮ ਦੀ ਮਲਕੀਅਤ ਜਾਂ ਚਿੰਨ ਨਹੀਂ ਬਲਕਿ ਇਹ ਸਮੁੱਚੇ ਭਾਰਤ ਅਤੇ ਭਾਰਤੀ ਲੋਕਾਂ ਦਾ ਚਿੰਨ੍ਹ ਹੈ। ਇਸ ਦਾ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਜਹਾਜ਼ ਵਿਚ ਕਿਹੜੀ ਜਾਤ ਜਾਂ ਫਿਰਕੇ ਦੇ ਲੋਕ ਸਨ। ਅਸਲ ਤੱਤ ਹੈ ਕਿ ਉਹ ਕੀ ਚਾਹੁੰਦੇ ਸਨ ਅਤੇ ਕੀ ਹੋਇਆ। ਉਹਨਾਂ ਮੁਸਾਫਰਾਂ ਨੇ ਆਪਣੇ ਆਪ ਨੂੰ ਕਿਸੇ ਧਰਮ ਜਾਂ ਫਿਰਕੇ ਨਾਲ ਨਹੀਂ ਜੋੜਿਆ। ਅਤੇ ਇਸ ਤਰ੍ਹਾਂ ਜੋੜਨ ਦਾ ਯਤਨ ਕਰਨਾ, ਇੱਕ ਵੰਡਵਾਦੀ ਤੇ ਵੱਖਵਾਦੀ ਸੋਚ ਹੈ। ਉਸ ਸਮੇਂ ਜਿਹੜੇ ਭੀ ਲੋਕ ਇਥੇ ਸਨ, ਉਹਨਾਂ ਸਭ ਨੇ ਰਲ ਕੇ ਕਾਮਾ ਗਾਟਾ ਮਾਰੂ ਦੀ ਮਦਦ ਕੀਤੀ। ਨਾਲ ਹੀ ਉਸ ਗੱਲ ਤੇ ਕਾਮਾ ਗਾਟਾ ਮਾਰੂ ਦੇ ਮੁਸਾਫਰਾਂ ਨੇ ਭੀ ਡੱਟ ਕੇ ਪਹਿਰਾ ਦਿੱਤਾ ਕਿ ਉਹ ਭਾਰਤੀ ਹਨ ਅਤੇ ਭਾਰਤੀਆਂ ਕਰਕੇ ਹੀ ਵਿਤਕਰੇ ਦਾ ਸ਼ਿਕਾਰ ਹਨ। ਬੱਜ ਬੱਜ ਘਾਟ ਤੇ ਸਾਮਰਾਜੀ ਗੋਲੀਆਂ ਦਾ ਭੀ ਇਸ ਕਰਕੇ ਨਿਸ਼ਾਨਾ ਬਣੇ ਕਿ ਉਹ ਭਾਰਤੀ ਸਨ। ਆਪਣੀ ਮਾਨਸਿਕ ਤੇ ਰੂਹਾਨੀ ਤ੍ਰਿਪਤੀ ਲਈ ਆਪਣੇ ਅਕੀਦੇ ਨਾਲ ਪੂਜਾ ਪਾਠ ਕਰ ਸਕਦਾ ਹੈ ਪਰ ਉਹ ਇਸ ਹਾਦਸੇ ਵਿਚ ਕਦੇ ਭੀ ਦਾਖਲ ਨਾ ਹੋਣ ਦਿੱਤਾ ਗਿਆ। ਗਦਰੀ ਬਾਬਿਆਂ ਨੇ ਭੀ ਧਰਮ ਤੇ ਰਾਜਨੀਤੀ ਨੂੰ ਜੁਦੇ ਰੱਖਿਆ ਭਾਵੇਂ ਕਿ ਅੰਗਰੇਜ਼ ਸਾਮਰਾਜੀਂ ਨੇ ਧਰਮ, ਜ਼ਾਤ ਤੇ ਇਲਾਕੇ ਦੇ ਆਧਾਰ ਤਹੇ ਪਾੜਣ ਦਾ ਅਸਫਲ ਯਤਨ ਕਰਦਾ ਰਿਹਾ। ਅੱਜ ਅਮਰੀਕੀ ਸਾਮਰਾਜ ਭਾਰਤੀ ਆਜ਼ਾਦੀ ਨੂੰ ਖਤਮ ਕਰਨੀਂ ਲਈ ਇਹ ਦਾਅ ਪੇਚ ਲਾ ਰਿਹਾ ਹੈ। ਸੋ ਅੱਜ ਕਾਮਾ ਗਾਟਾ ਮਾਰੂ ਜਾਂ ਗਦਰੀ ਬਾਬਿਆਂ ਨੂੰ ਫਿਰਕੂ ਸੋਚ ਨਾਲ ਬੰਨਣਾ, ਦੇਸ਼ ਤੇ ਉਨ੍ਹਾਂ ਲੋਕਾਂ ਨਾਲ ਗੱਦਾਰੀ ਤੇ ਮੱਕਾਰ ਭਰੀ ਚਾਲ ਹੈ।

ਪਰ ਕਾਮਾ ਗਾਟਾ ਮਾਰੂ ਦੀ ਅਸਲੀ ਘਟਨਾ ਬਾਰੇ ਲਿਖਣ ਤੋਂ ਪਹਿਲਾਂ, ਇਸ ਦੇ ਪਿਛੋਕੜ, ਇਸ ਤੋਂ ਪਹਿਲੀਆਂ ਨਸਲਵਾਦੀ ਕਾਰਵਾਈਆਂ ਤੇ ਅੰਗਰੇਜ਼ ਸਾਮਰਾਜ ਵਿਰੁੱਧ ਭਾਰਤ ਵਿਚ ਐਕਸ਼ਨ ਤੇ ਵਿਦੇਸ਼ੀ ਭਾਰਤੀਆਂ ਨਾਲ ਸੰਬੰਧ ਅਤੇ ਅੰਗਰੇਜ਼ ਸਾਮਰਾਜ ਵਲੋਂ ਬਦੇਸ਼ੀ ਭਾਰਤੀਆਂ ਉਪਰ ਨਜ਼ਰ-ਸਾਨੇ ਤੇ ਕੇਸਾਂ ਆਦਿ ਬਾਰੇ ਵਰਨਣ ਕਰਨਾ ਜ਼ਰੂਰੀ ਹੈ। ਇਸ ਨਾਲ ਗੱਲ ਸਮੁੱਚੇ ਚੌਪਟੇ ਵਿਚ ਹੋਵੇਗੀ ਅਤੇ ਸਮਝਣਾ ਵੀ ਆਸਾਨ ਹੋਵੇਗਾ। ਕੈਨੇਡਾ ਖੁਦ ਮੁਖਤਾਰ ਨੌ-ਆਬਾਦੀ ਸੀ ਅਤਹੈ ਫੈਸਲਕੁੰਨ ਮਸਲਿਆਂ ਵਿਚ ਬਰਤਾਨੀਆ (ਜਿਥੇ ਬਰਤਾਨੀਆਂ ਦੇ ਹਿਤਾਂ ਨੂੰ ਖਤਰਾ ਹੋਵੇ) ਦਾ ਕੰਟਰੋਲ ਸੀ।ਆਖਣ ਨੂੰ ਬਰਤਾਨਵੀ ਸਾਮਰਾਜ ਅਧੀਨ ਸਾਰੇ ਲੋਕ 'ਬਰਤਾਨਵੀ ਪਰਜਾ' ਸਨ ਅਤੇ ਇਸ ਅਧੀਨ ਦੇਸ਼ਾਂ ਵਿਚ ਆਪਸੀ ਆਉਣ ਜਾਣ ਦੀ ਖੁੱਲ ਸੀ। ਕਾਨੂੰਨ ਤੇ ਨਿਯਮ ਭੀ ਹਾਕਮ ਜਮਾਤ ਆਪਣੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਬਣਾਉਂਦੀ ਹੈ ਤੇ ਉਹਨਾਂ ਵਿਚ ਕਮਜ਼ੋਰੀਆਂ ਤੇ ਅਸਪਸ਼ਟ ਨੁਕਤੇ ਛੱਡੇ ਜਾਂਦੇ ਹਨ ਤਾਂ ਕਿ ਭਾਰੂ ਜਮਾਤ ਤੇ ਸੈਕਸ਼ਨ ਸਮੇਂ ਅਨੁਸਾਰ ਵਰਤ ਸਕਣ। ਜਾਂ ਫਿਰ ਕਾਨੂੰਨ ਤੇ ਨਿਯਮ ਹੀ ਬਦਲ ਦਿੱਤੇ ਜਾਂਦੇ ਹਲ। ਹਾਕਮ ਜਮਾਤ ਆਪਣੇ ਹਿੱਤਾਂ ਨੂੰ ਸੱਟ ਮਾਰਨ ਵਾਲੇ ਲੋਕਾਂ ਦਾ ਧਿਆਨ ਰੱਖਦੀ ਹੈ।

ਇਸ ਹੀ ਤਰ੍ਹਾਂ ਜਦੋਂ ਭਾਰਤ ਵਿਚ ਲੋਕਾਂ ਨੇ ਖੁਦਮੁਖਤਾਰੀ ਤੇ ਪਿੱਛੋਂ ਆਜ਼ਾਦੀ ਲਈ ਆਵਾਜ਼ ਉਠਾਈ ਤੇ ਸਰਗਰਮੀ ਕੀਤੀ ਤਾਂ ਅੰਗਰੇਜ਼ ਸਾਮਰਾਜ ਨੇ ਉਸ ਲਾਲ ਨਜਿੱਠਣ। ਦਬਾਉਣ ਲਈ ਕਦਮ ਉਠਾਏ। ਜੋ ਲੋਕ ਭਾਰਤ ਤੋਂ ਬਾਹਰ, ਅਮਰੀਕਾ, ਕਨੇਡਾ, ਫਰਾਂਸ, ਇੰਗਲੈਂਡ, ਚੀਨ ਤੇ ਮਲਾਇਆ ਆਦਿ ਚਲੇ ਗਏ ਸਨ, ਉਹਨਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਹੋਇਆ। ਵਿਦੇਸ਼ਾਂ ਵਿਚ ਤੇ ਖਾਸ ਕਰ ਉੱਤਰੀ ਅਮਰੀਕਾ ਤੇ ਯੂਰਪ ਦੇ ਮਾਹੌਲ ਅਤੇ ਹੋ ਰਹੇ ਸਲੂਕ ਨੇ ਸਿਆਸੀ ਚੇਤਨਤਾ ਤੇ ਸੂਝ ਤਿੱਖਾ ਕੀਤੇ ਤੇ ਵਧਾਇਆ। ਉਹਨਾਂ ਨੇ ਨਸਲਵਾਦੀ ਵਿਤਕਰੇ ਨੂੰ ਭੀ ਭਾਰਤੀ ਗੁਲਾਮੀ ਨਾਲ ਜੋੜਿਆ ਕਿ ਜੇ ਭਾਰਤ ਆਜ਼ਾਦ ਹੋਵੇ, ਲੋਕਾਂ ਦੇ ਹੱਥ ਤਾਕਤ ਹੋਵੇ ਤਾਂ ਵਿਦੇਸ਼ਾਂ ਵਿਚ ਹੋ ਰਹੇ ਵਿਤਕਰੇ ਨਾਲ ਟੱਕਰ ਲਈ ਜਾ ਸਕਦੀ ਹੈ। ਕੈਨੇਡਾ ਦਾ ਤਾਂ ਨਸਲਵਾਦੀ ਇਤਿਹਾਸ ਹੈ ਅਤੇ ਇਥੇ ਬਰਤਾਨਵੀ ਸਾਮਰਾਜ ਆਪਣੀ ਕਰਜ਼ੀ ਕਰਵਾ ਸਕਦਾ ਸੀ। ਆਖਣ ਨੂੰ ਅਮਰੀਕਾ ਦਾ ਅਕੀਦਾ ਤਾਂ ਬਰਾਬਰੀ ਅਤੇ ਜਮਹੂਰੀਅਤ ਹੈ ਪਰ ਉਥੇ ਰੱਜ ਕੇ ਨਸਲਵਾਦ, ਬੇ-ਇਨਸਾਫੀ, ਨਾ-ਬਰਾਬਰੀ ਅਤੇ ਲੋਕ ਹੱਕਾਂ ਨੂੰ ਕੁਚਲਣ ਦੀਆਂ ਰਿਵਾਇਤਾਂ ਹਨ। ਇਨਾਂ ਦੋਹਾਂ ਦੇਸ਼ਾਂ ਵਿਚ ਹੀ ਬਰਤਾਨਵੀ ਸਾਮਰਾਜ ਨੇ ਭਾਰਤੀ ਆਜ਼ਾਦੀ ਘੁਲਾਟੀਆਂ ਉਪਰ ਨਿਗਾਹ ਰੱਖਣ, ਤੰਗ ਕਰਨ, ਉਹਨਾਂ ਨੂੰ ਪਾੜਨ ਦਾ ਪ੍ਰਬੰਧ ਕੀਤਾ ਹੋਇਆ ਸੀ ਅਤੇ ਆਖਰ ਵਿਚ ਦੋਹਾਂ ਦੇਸ਼ਾ ਵਿਚ ਤੇ ਹੋਰ ਦੇਸ਼ਾਂ ਵਿਚ ਭੀ ਭਾਰਤੀਆਂ ਤੇ ਮੁਕਦਮੇ ਚਲਵਾਏ। ਇਨ੍ਹਾਂ ਦੇਸ਼ਾਂ ਵਿਚ ਭਾਰਤੀਆਂ ਨੂੰ ਜ਼ਿਆਦਾ ਨੁਕਸਾਨ ਇਸ ਕਰਕੇ ਨਾ ਪਹੁੰਚਾਇਆ ਜਾ ਸਕਿਆ ਕਿਉਂਕਿ ਉਹਨਾਂ ਵਿਚ ਏਕਤਾ, ਭਰਾਤਰੀ ਭਾਵ ਅਤੇ ਦੇਸ਼ ਦੀ ਆਜ਼ਾਦੀ ਦੀ ਲਗਨ ਸੀ। ਬਿਦੇਸ਼ੀ ਸਾਮਰਾਜਾ ਦੇ ਏਜੰਟਾ ਛੱਕੇ ਹੋਏ ਸਨ। (ਜਿਵੇਂ ਅੱਜ ਹੋ ਰਿਹਾ ਹੈ ਅਤੇ ਦੇਸ਼ ਗੱਦਾਰ ਪੈਂਤਰਾ ਬਦਲ ਰਹੇ ਹਨ )।

ਭਾਰਤ ਵਿਚ ਅੰਗਰੇਜ਼ੀ ਸਾਮਰਾਜ ਵਲੋਂ ਧੱਕੇ ਸ਼ਾਹੀ ਭੀ ਬਦੇਸ਼ੀ ਭਾਰਤੀਆਂ ਵਿਚ ਆਜ਼ਾਦੀ ਭਾਵਨਾ ਨੂੰ ਤਿੱਖਾ ਕਰਦੀ ਸੀ। ਸਾਮਰਾਜੀਆਂ ਦੀ ਆਪਸ ਵਿਚ ਭੀ ਟੱਕਰ ਹੁੰਦੀ ਹੈ ਅਤੇ ਅੰਗਰੇਜ਼ੀ ਵਿਰੋਧੀ ਦੇਸ਼ ਤੇ ਉਹਨਾਂ ਦੇ ਲੋਕ ਭੀ ਉਤਸ਼ਾਹ ਦਿੰਦੇ ਸਨ। ਨਾਲ ਹੀ ਜ਼ਾਰਸ਼ਾਹੀ ਰੂਸ ਵਿਚ ਚੱਲ ਰਹੀ ਲਹਿਰ ਤੇ

ਖਾਸ ਕਰ ਉਥੇ ਦੇ 1905 ਦੇ ਅਸਫਲ ਇਨਕਲਾਬ (ਜਿਸ ਨੂੰ ਕਮਿਊਨਿਸਟ 1917 ਦੇ ਅਕਤੂਬਰ ਇਨਕਲਾਬ ਦੀ 'ਡਰਿਸ ਰੀਹਰਸਲ' ਆਖਦੇ ਹਨ) ਦਾ ਚੰਗਾ ਪ੍ਰਭਾਵ ਪਿਆ। 1905 ਵਿਚ ਹੀ ਜਾਪਾਨ ਵਲੋਂ ਜ਼ਾਰਸ਼ਾਹੀ ਰੂਸ ਨੂੰ ਹਾਰ ਨੇ ਭੀ ਭਾਰਤੀਆਂ ਦੇ ਹੌਸਲੇ ਵਧਾਏ।

ਅੰਗਰੇਜ਼ੀ ਹਕੂਮਤ ਨੇ ਭਾਰਤੀਆਂ ਨੂੰ ਦੂਜੀਆਂ ਬਸਤੀਆਂ ਵਸਾਉਣ ਅਤੇ ਉਥੇ ਦੇ ਆਦਿ ਵਾਸੀਆਂ (ਨਾਲ ਵਿਰੋਧ ਕਰਾਉਣ, ਉਹਨਾਂ ਨੂੰ ਕਮਜ਼ੋਰ ਕਰਨ) ਦੀ ਥਾਂ ਮਜ਼ਦੂਰੀ ਕਰਾਉਣ ਲਈ ਲਿਜਾਇਆ ਗਿਆ। ਪਰ ਬਰਤਾਨੀਆ, ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਤੇ ਅਸਟਰੇਲੀਆਂ ਤੋਂ ਰੋਕਣ ਤੇ ਰੁਕਾਉਣ ਦੇ ਯਤਨ ਕੀਤੇ। ਇਹਨਾਂ ਦੇਸ਼ਾਂ ਦੇ ਆਮ ਲੋਕਾਂ ਨੂੰ ਭੀ ਗੁੰਮਰਾਹਕੁੰਨ ਪ੍ਰਚਾਰ ਨਾਲ ਸਾਮਰਾਜ ਦੇ ਹੱਕ ਵਿਚ ਅਤੇ ਨੌ-ਅਬਾਦੀਆਂ ਦੇ ਲੋਕਾਂ ਦੇ ਵਿਰੁੱਧ ਕੀਤਾ ਹੋਇਆ ਸੀ। ਜਿਸ ਨਾਲ ਟਰੇਡ ਯੂਨੀਅਨਾਂ ਤੱਕ ਨਸਲਵਾਦ ਦਾ ਸ਼ਿਕਾਰ ਹਨ। ਜਿਵੇਂ ਬੀ. ਸੀ. ਵਿਚ ਵੈਨਕੂਵਰ ਤੇ ਵੈਨਕੂਵਰ ਆਈਲੈਂਡ ਦੀਆਂ ਕਈ ਯੂਨੀਅਨਾਂ ਨੇ ਗੈਰ ਚਿੱਟੇ ਲੋਕਾਂ ਦੇ ਦਾਖਲੇ ਵਿਰੁੱਧ ਮਤੇ ਪਾਸ ਕੀਤੇ। ਚੀਨੇ ਅਤੇ ਪਿੱਛੋਂ ਭਾਰਤੀ ਇਮੀਗਰੈਂਟਾਂ ਨੂੰ ਪ੍ਰਤੀ ਜੀਅ ਟੈਕਸ (ਹੈਡ ਟੈਕਸ) ਲਾਇਆ ਤਾਂ ਕਿ ਆ ਨਾ ਸਕਣ। 1900 ਵਿਚ ਹੀ ਭਾਰਤੀਆਂ ਦੀ ਇਮੀਗਰੇਸ਼ਨ ਨੂੰ ਰੋਕਣ ਲਈ ਰੁਆਇਲ ਕਮਿਸ਼ਨ ਬਿਠਾ ਦਿੱਤਾ। 1905 ਵਿਚ ਚੀਨਿਆਂ ਵਿਰੁੱਧ ਅਤੇ 1907 ਵਿਚ ਚੀਨਿਆਂ ਤੇ ਭਾਰਤੀਆਂ ਵਿਰੁੱਧ ਜਬਰਦਸਤ ਫਿਰਕੂ ਨਸਲਵਾਦੀ ਫਸਾਦ (ਵੈਨਕੂਵਰ, ਪਿਨਟਿਕਟਨ ਆਦਿ) ਵਿਚ ਹੋਏ। ਵੈਨਕੂਵਰ ਦੇ ਸਿਟੀ ਹਾਲ ਵਿਚ ਭਾਰਤੀਆਂ ਦੇ ਦਾਖਲੇ ਵਿਰੁੱਧ ਮੀਟਿੰਗ ਹੋਈ ਅਤੇ ਪੂਰਬੀ ਲੋਕਾਂ ਨੂੰ ਕੱਢਣ ਲਈ ਮਤੇ ਪਾਸ ਹੋਏ।

ਯੂਰਪ ਤੇ ਉੱਤਰੀ ਅਮਰੀਕਾ ਵਿਚ ਆਏ ਹੋਏ ਭਾਰਤੀਆਂ ਵਿਚ ਸਰਗਰਮ ਸਿਆਸੀ ਲੋਕ ਸਨ ਜੋ ਭਾਰਤੀ ਇਮੀਗਰੈਂਟ ਨੂੰ ਹਾਲਾਤ ਬਾਰੇ ਸਮਝਾਉਂਦੇ ਅਤੇ ਸਰਗਰਮ ਕਰਦੇ ਸਨ। ਅੰਗਰੇਜ਼ੀ ਸਾਮਰਾਜ ਇਸ ਗੱਲ ਤੋਂ ਔਖਾ ਸੀ। ਭਾਰਤ ਵਿਚ ਤੇ ਬਦੇਸ਼ਾਂ ਵਿਚ ਭਾਰਤੀਆਂ ਸੰਬੰਧੀ ਘਟਨਾਵਾਂ ਦਾ ਇੱਕ ਦੂਜੇ ਉਪਰ ਅਸਰ ਅਤੇ ਸੰਬੰਧ ਸੀ। ਵੈਨਕੂਵਰ ਦੇ ਇਮੀਗਰੇਸ਼ਨ ਅਫਸਰਾਂ ਨੇ ਭਾਰਤੀ ਸੂਝਵਾਨ ਤੇ ਸਰਗਰਮ (ਭਾਰਤ ਦੀ ਆਜ਼ਾਦੀ ਲਈ ਤੇ ਨਸਲਵਾਦ ਵਿਰੋਧੀ) ਵਿਅਕਤੀਆਂ ਉਪਰ ਜਾਸੂਸੀ ਤੇ ਨਜ਼ਰਸਾਨੀ ਕਰਨ ਦਾ ਬੀੜਾ ਚੁੱਕਿਆ ਹੋਇਆ ਸੀ। ਇਸ ਕੰਮ ਲਈ ਵੈਨਕੂਵਰ ਇਮੀਗਰੇਸ਼ਨ ਅਧਿਕਾਰੀ, ਅਮਰੀਕਾ ਵਿਚ ਸਾਨ ਫਰਾਂਸੈਸਕੋ ਤੱਕ ਜਾਂਦੇ ਅਤੇ ਲੰਡਨ ਤੇ ਦਿੱਲੀ ਨੂੰ ਡਾਇਰੀਆਂ ਭੇਜਦੇ ਸਨ। ਬਰਤਾਨਵੀ ਸਾਮਰਾਜ ਹਰ ਗੱਲ ਤੋਂ ਜਾਣੂ ਰਹਿਣਾ ਚਾਹੁੰਦਾ ਸੀ। ਕਿ ਭਾਰਤ ਦੀਆਂ ਘਟਨਾਵਾਂ ਬਾਰੇ ਵਿਦੇਸ਼ੀ ਭਾਰਤੀ ਕੀ ਕਰਦੇ ਹਨ ਅਤੇ ਉਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਵੇ। ਬਿਦੇਸ਼ੀ ਭਾਰਤੀਆਂ ਵਿਚ ਸਿਆਸੀ ਸਰਗਰਮੀ ਨੂੰ ਬੜੇ ਧਿਆਨ ਵਿਚ ਰੱਖਿਆ ਜਾਂਦਾ ਸੀ। ਇਸ ਕੰਮ ਵਿਚ ਕਲਕੱਤਾ ਪੁਲਸ ਦੇ ਸਬ-ਇਨਸਪੈਕਟਰ ਸ੍ਰੀ ਹੌਪਕਿਨਸਨ ਨੇ ਵੈਨਕੂਵਰ ਆ ਕੇ ਬੜਾ ਗੰਦਾ ਤੇ ਅਹਿਮ ਰੋਲ ਅਦਾ ਕੀਤਾ। ਘਰੇਲੂ ਮਾਮਲਿਆਂ ਦੇ ਵਜ਼ੀਰ ਦੇ ਪ੍ਰਾਈਵੇਟ ਸਕੱਤਰ ਜੇ. ਬੀ. ਹਾਰਕਿਨ ਨੇ ਓਟਾਵਾ ਦੇ ਇਮੀਗਰੇਸ਼ਨ ਸੁਪਰਡੈਂਟ ਡਬਲਯੂ. ਡੀ. ਸਕੌਟ ਨੂੰ ਲਿਖਿਆ ਕਿ, "ਮੈਂ ਤੇ ਹੌਪਕਿਨਸਨ ਨੇ ਹਿੰਦੂਆਂ ਵਿਚਕਾਰ ਇੱਕ ਦਿਨ ਬਿਤਾਇਆ।" ਹਾਰਕਨ ਨੇ ਭਾਰਤੀਆਂ ਬਾਰੇ ਤੇ ਉਹਨਾਂ ਨੂੰ ਬ੍ਰਿਟਿਸ਼ ਹੌਨਡਿਊਰਸ ਭੇਜਣ ਬਾਰੇ, ਹੌਪਕਿਨਸਨ ਨੂੰ ਡੈਲੀਗੇਸ਼ਨ ਦਾ ਦੋ-ਭਾਸ਼ੀਆਂ ਤੇ ਸਕੱਤਰ ਰੱਖ ਲਿਆ। (ਇਸ ਵਾਰੇ ਅਗਲੇ ਲੇਖ ਵਿਚ)। ਫਿਰ ਹੌਪਕਿਨਸਨ ਨੂੰ ਇਮੀਗਰੇਸ਼ਨ ਮਹਿਕਮੇ ਵਿਚ ਰੱਖ ਲਿਆ। ਹੌਪਕਿਨਸਨ ਆਖਦਾ ਹੁੰਦਾ ਸੀ ਕਿ ਉਹ ਭਾਰਤ ਤੋਂ ਛੁੱਟੀ ਤੇ ਹੈ।

ਅੰਗਰੇਜ਼ੀ ਸਾਮਰਾਜ ਨੇ 'ਫੁੱਟ ਪਾਓ' ਨੀਤੀ ਅਧੀਨ ਇੱਕ ਸੈਕਸ਼ਨ ਨੂੰ ਦੂਜੇ ਸੈਕਸ਼ਨ ਨਾਲੋਂ, ਪੜਿਆਂ ਨੂੰ ਅਨਪੜਾਂ ਨਾਲੋਂ ਤੇ ਇੱਕ ਜਾਤ ਤੇ ਧਰਮ ਨੂੰ ਦੂਜੀ ਜਾਤ ਤੇ ਧਰਮ ਨਾਲੋਂ ਪਾੜਨ ਦਾ ਯਤਨ ਕੀਤਾ। ਅੰਤਰ-ਸੂਬਾਈ ਵਿਤਕਰੇ ਪੈਦਾ ਕੀਤੇ। ਜਿਵੇਂ ਅੱਜ ਅਮਰੀਕੀ ਸਾਮਰਾਜ ਸਰਗਰਮ ਹੈ। ਅੰਗਰੇਜ਼ਾਂ ਨੇ ਦੇਸ਼ ਭਗਤਾਂ ਵਿਚਕਾਰ ਵੰਡ ਦੀ ਕੋਸ਼ਿਸ਼ ਕੀਤੀ। ਅੰਗਰੇਜ਼ਾਂ ਨੇ ਕਾਂਗਰਸ ਵਿਚ ਤੇ ਨਰਮ ਤੇ ਗਰਮ ਧੜਿਆਂ ਵਿਚਕਾਰ ਫੁੱਟ ਨੂੰ ਉਤਸ਼ਾਹਿਤ ਕੀਤਾ। 1903 ਵਿਚ ਅੰਗਰੇਜ਼ੀ ਸਰਕਾਰ ਨੇ ਧਾਰਮਿਕ ਬੋਰਡਾਂ ਵਲੋਂ ਚਲਾਏ ਜਾਂਦੇ ਸਕੂਲਾਂ ਕਾਲਜਾਂ ਨੂੰ ਬੜਾਵਾ ਦਿੱਤਾ ਤੇ ਪਾੜਾ ਵਧਾਉਣ ਲਈ ਜ਼ੋਰ ਪਾਇਆ। ਇਸ ਚਾਲ ਰਾਹੀਂ ਲੋਕ ਤੰਤਰ ਤੇ ਕੌਮੀ ਆਜ਼ਾਦੀ ਦੇ ਵਿਚਾਰਾਂ ਤੇ ਇਨ੍ਹਾਂ ਵਿਚ ਏਕੇ ਉਤੇ ਸੱਟ ਮਾਰਨ ਦੇ ਯਤਨ ਕੀਤੇ। ਇਸ ਹੀ ਤਰ੍ਹਾਂ ਅੱਜ ਭੀ ਭਾਰਤੀ ਸਰਕਾਰ ਉਤਸ਼ਾਹਿਤ ਕਰਦੀ ਹੈ। ਇਧਰ ਕੈਨੇਡੀਅਨ ਸਰਕਾਰ ਭੀ ਭਾਰਤੀਆਂ ਦੀ ਏਕਤਾ ਨੂੰ ਭੰਗ ਕਰਨ ਲਈ (ਸਾਮਰਾਜੀ ਅਮਰੀਕਾ ਦੀ ਸ਼ਹਿ ਅਤੇ ਅਮਰੀਕੀ ਸਾਮਰਾਜ ਦੇ ਏਜੰਟਾਂ ਦੀ ਲੌਬੀ ਅਤੇ ਉਹਨਾਂ ਏਜੰਟਾਂ ਦੇ ਸਵੈ-ਹਿਤਾਂ ਅਧੀਨ ਲੌਬੀ ਨਾਲ) ਹਿੰਦੂ ਅਤੇ ਸਿੱਖ ਨੂੰ ਬਿਲਕੁਲ ਜੁਦੇ ਜੁਦੇ ਦੱਸਣ ਅਤੇ ਲਾਗੂ ਕਰਨ ਤੇ ਜ਼ੋਰ ਦੇ ਰਹੀ ਹੈ। ਇਸ ਚਾਲ ਅਧੀਨ ਭਾਰਤੀਆਂ ਦੇ ਸਾਰੇ ਸਾਂਝੇ ਮਸਲਿਆਂ - ਨਸਲਵਾਦ, ਕੰਮ ਕਾਰ ਵਿਚ ਵਿਤਕਰਾਂ, ਵਿਦਿਆ ਵਿਚ ਰੁਕਾਵਟਾਂ, ਸਭਿਆਚਾਰ ਤੇ ਅਗਲੀਆਂ ਪਨੀਰੀਆਂ ਦਾ ਐਂਗਲੋਂ ਸੈਕਸ਼ਨ ਵਿਚ ਜਜ਼ਬ ਹੋਣ ਆਦਿ, ਨੂੰ ਸੱਟ ਵੱਜੇਗੀ ਤੇ ਸਾਂਝੀ ਮਹਿਮ ਕਮਜ਼ੋਰ ਹੋਵੇਗੀ। ਉਸ ਸਮੇਂ ਬਰਤਾਨਵੀ ਸਾਮਰਾਜੀਆਂ ਨੇ ਜ਼ਾਰਸ਼ਾਹੀ ਰੂਸ ਦਾ ਤੇ 1917 ਤੋਂ ਪਿੱਛੋਂ ਕਮਿਊਨਿਜ਼ਮ ਦਾ ਹਊਆ ਭੀ ਖੜਾ ਕੀਤਾ। ਉਸ ਸਮੇਂ ਭੀ ਮਾਰਕਸ, ਐਂਗਲਜ਼ ਤੇ ਲੈਨਿਨ ਦੇ ਵਿਚਾਰਾਂ ਦਾ ਹਊਆ ਖੜਾ ਕਰਦੇ ਸਨ। 1903 ਤੋਂ ਪਿੱਛੋਂ ਲਾਰਡ ਕਰਜ਼ਨ ਨੇ ਭਾਰਤ ਵਿਚ ਲੋਕ ਵਿਰੋਧੀ ਅਤੇ ਅਸ਼ੀ ਘਟੀਆਂ ਨੀਤੀਆਂ ਅਪਨਾਈਆਂ। ਵਿਦੇਸ਼ਾਂ ਵਿਚ ਸਾਮਰਾਜੀ ਅਸਰ ਵਧਾਉਣ ਲਈ ਹਰ ਯਤਨ ਕੀਤਾ ਅਤੇ ਨਾਲ ਹੀ ਵਿਦੇਸ਼ੀ ਭਾਰਤੀਆਂ ਤੇ ਕਰੜੀ ਨਜ਼ਰ ਰੱਖਣੀ ਦੇ ਉੱਦਮ ਕੀਤੇ।

1904 ਵਿਚ ਅੰਗਰੇਜ਼ੀ ਸਰਕਾਰ ਨੇ, ਹਿੰਦੂ ਮੁਸਲਮਾਨਾਂ ਵਿਚਕਾਰ ਬੰਗਾਲ ਵਿਚ ਫਸਾਦ ਕਰਵਾਏ। ਕਰਜ਼ਨ ਨੇ ਮੁਸਲਮਾਨਾ ਨੂੰ ਬੰਗਾਲ ਦੀ ਵੰਡ ਦੇ ਹੱਕ ਵਿਚ ਕਰਨ ਦੇ ਅਸਫਲ ਯਤਨ ਕੀਤੇ। ਬੰਗਾਲ ਦੀ ਵੰਡਾਂ ਦੀ ਤਜ਼ਵੀਜ਼ ਵਿਚੋਂ ਸਵਦੇਸ਼ੀ ਲਹਿਰ", ਲੋਕ ਏਕਤਾ ਅਤੇ ਆਜ਼ਾਦੀ ਲਈ ਤੇਜ਼ੀ ਹੋਈ। ਨਾਹਰਾ ਸਾਹਮਣੇ ਆਇਆ ਕਿ ਜੇਕਰ ਤੁਹਾਨੂੰ ਆਪਣੇ ਜੀਵਨ ਤੇ ਰਾਜਨੀਤੀ ਨਾਲ ਪਿਆਰ ਹੈ ਤਾਂ ਆਪਣੇ ਦੇਸ਼, ਦੇਸ਼ ਦੇ ਲੋਕਾਂ ਨਾਲ ਤੇ ਇਹਨਾਂ ਦੀ ਸ਼ਾਨ ਨੂੰ ਪਿਆਰ ਕਰੋ — ਇਸ ਨੂੰ ਆਜ਼ਾਦ ਕਰਾਉ। 1905 ਵਿਚ ਹੀ ਲੰਡਨ ਵਿਚ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ "ਇੰਡੀਅਨ ਹੋਮ ਰੂਲ ਸੁਸਾਇਟੀ" ਬਣਾਈ। ਇੰਡੀਆ ਖੋਲਿਆ ਗਿਆ। ਪੈਰਿਸ ਵਿਚ ਵਰਿੰਦਰ ਨਾਥ ਚਟੋਪਾਧਿਆ ਤੇ ਵੀ. ਵੀ. ਆਇਰ ਆਦਿ ਸਰਗਰਮ ਸਨ। 1905 ਵਿਚ ਇਮੀਗਰੇਸ਼ਨ ਐਕਟ ਨੂੰ ਸੋਧਿਆ ਗਿਆ ਤੇ ਵੈਨਕੂਵਰ ਵਿਚ ਏਸ਼ਆਈ ਲੋਕਾਂ ਵਿਰੁੱਧ ਫਸਾਦ ਹੋਏ। ਇਸ ਹੀ ਸਮੇਂ ਇਥੇ ਇੰਡੀਅਨ ਸਭਾ ਬਣਾਈ ਜਿਸ ਦਾ ਪ੍ਰਧਾਨ ਭਾਗ ਸਿੰਘ ਤੇ ਸਕੱਤਰ ਗੁਰੂ ਦੱਤ ਕੁਮਾਰ ਸਨ। ਇਸ ਸਭਾ ਦੇ ਮੈਂਬਰਾਂ ਨੇ ਅਤੇ 1907 ਵਿਚ ਬਣੀ ਖਾਲਸਾ ਦੀਵਾਨ ਸੁਸਾਇਟੀ ਨੇ ਕਾਮਾ ਗਾਟਾ ਮਾਰੂ ਦੇ ਇਥੇ ਠਹਿਰਣ ਸਮੇਂ ਬੜਾ ਘੋਲ ਕੀਤਾ।

# ਚੋਰ

ਪਹਿਰ ਦੇ ਤੜਕੇ —<br>
ਮੌਲਵੀ ਦੀਆਂ ਬਾਂਗਾਂ —<br>
ਮੰਦਰ ਦੀਆਂ ਟੱਲੀਆਂ —<br>
ਗਿਰਜੇ ਦੀ ਪ੍ਰਾਰਥਨਾ —<br>
ਗੁਰਦਵਾਰੇ ਦਾ ਘੜਿਆਲ —<br>
ਸੁਣ ਕੇ, ਮੇਰੀ —<br>
ਜਾਗ ਖੁਲ੍ਹ ਜਾਂਦੀ ਹੈ।<br>
ਤੇ ਮੈਂ ਸੋਚਦਾ ਹਾਂ :<br>
ਮਾਲਕ ਸੁੱਤਾ ਵੇਖ ਕੇ,<br>
ਚੋਰ ਚੋਰਾਂ ਨੂੰ —<br>
ਸੰਨ੍ਹ ਲਾਣ ਲਈ —<br>
ਜਗਾ ਰਹੇ ਹਨ।

o

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਵਿਲੀਅਮਜ਼ਲੇਕ ਬਰਾਂਚ ਵਲੋਂ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਮੇਲਾ

ਅੱਜ 25 ਅਪਰੈਲ ਨੂੰ ਵਿਲੀਅਮਜ਼ ਲੇਕ ਦੀ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਸ਼ਹੀਦੇ-ਏ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਦੇਸ਼ ਦੀ ਆਜ਼ਾਦੀ ਦੇ ਅਣਗਿਣਤ ਮਰਜੀਵੜਿਆਂ ਦਾ ਦਸਵਾਂ ਵਾਰਸ਼ਕ ਮੇਲਾ ਮਨਾਇਆ। ਜਲਸੇ ਦੀ ਪ੍ਰਧਾਨਗੀ ਕਾਮਰੇਡ ਜੀਤ ਸਿੰਘ ਅਣਖੀ ਮੈਂਬਰ E.I.W.A. ਸੈਂਟਰ ਕਮੇਟੀ ਅਤੇ ਮਾਸਟਰ ਗੁਰਮੇਲ ਸਿੰਘ ਪ੍ਰਧਾਨ ਵਿਲੀਅਮਜ਼ ਲੇਕ ਨੇ ਕੀਤੀ। ਇਸ ਵਾਰਸ਼ਿਕ ਮੇਲੇ ਨੂੰ ਵਿਲੀਅਮਜ਼ ਲੇਕ ਦੀ ਜੰਤਾ ਸਦਾ ਹੀ ਬੜੀ ਤੀਬਰਤਾ ਨਾਲ ਉਡੀਕਦੀ ਰਹਿੰਦੀ ਹੈ ਕਾਮਰੇਡ ਰਣਜੀਤ ਸਿੰਘ ਸੰਧੂ ਕਾ. ਤਰਸੇਮ ਸਿੰਘ ਭੰਡਾਲ, ਕਾ. ਅਮਰਜੀਤ ਸੰਘੇੜਾ, ਕਾ. ਅਮਰਜੀਤ ਸਿੰਘ ਪੂਨੀ, ਸ੍ਰ. ਬਹਾਦਰ ਸਿੰਘ ਅਤੇ ਸਾਥੀ ਖੇਹਰਾ ਨੇ ਇਸ ਮੇਲੇ ਦੀ ਸਫਲਤਾ ਵਾਸਤੇ ਅਣਥੱਕ ਮੇਹਨਤ ਕੀਤੀ। ਭਾਰਤੀ ਮੂਲ ਦੇ ਲੋਕ ਆਪਣੇ ਸਾਕ ਸਬੰਧੀਆਂ ਨੂੰ ਅਗੇਤਰੇ ਹੀ ਸੱਦੇ ਪੱਤਰ ਭੇਜ ਦਿੰਦੇ ਹਨ। ਅੱਜ ਦੇ ਮੇਲੇ ਦੀ ਹਾਜ਼ਰੀ ਪਿਛਲੇਂ ਸਾਰੇ ਰਿਕਾਰਡ ਮਾਤ ਕਰ ਗਈ। ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਸੁਆਣੀਆਂ ਮਰਦਾਂ ਨਾਲੋਂ ਕਿਵੇਂ ਵੀ ਘੱਟ ਨਹੀਂ ਸਨ। ਮਾਸਟਰ ਗੁਰਮੇਲ ਸਿੰਘ ਜੀ ਨੇ ਸਟੇਜ ਸੈਕਟਰੀ ਦੀ ਭੂਮਿਕਾ, ਅਤੇ ਅੰਗਰੇਜ਼ ਬੁਲਾਰਿਆਂ ਦੀਆਂ ਤਕਰੀਰਾਂ ਦਾ ਪੰਜਾਬੀ ਬੋਲੀ ਵਿਚ ਉਲੱਥਾ ਕਰਕੇ ਸਾਰੀ ਕਾਰਵਾਈ ਨੂੰ ਲਗਨ ਭਰਪੂਰ ਬਣਾਈ ਰੱਖਿਆ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ (E.I.W.A.) ਦੀ ਪਹਿਲੋਂ ਹੀ ਘੜੀ ਗਈ ਤਰਤੀਬ ਮੁਤਾਬਕ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਸਭ ਤੋਂ ਪਹਿਲੋਂ ਪੀਸ ਕਮੇਟੀ ਦੇ ਬੁਲਾਰੇ ਨੋਰਮਨ ਡੱਫ ਨੇ ਸੰਸਾਰ ਅਮਨ ਵਿਚ ਹਾਂ ਪੱਖੀ ਹੋਈ ਤਰੱਕੀ ਬਾਰੇ ਚਾਨਣਾਂ ਪਾਇਆ ਅਤੇ ਅੱਗੇ ਲਈ ਲੋਕਾਂ ਨੂੰ ਜੰਗ ਬਾਜ਼ੂ ਸਾਮਰਾਜੀਆਂ ਤੋਂ ਚੌਕਸ ਰਹਿਣ ਦੀ ਅਪੀਲ ਕੀਤੀ ਕਿਉਂਕਿ ਸੰਸਾਰ ਅਮਨ ਦੀ ਗਰੰਟੀ ਹੀ ਲੋਕਾਂ ਦੀ ਚੌਕਸੀ ਅਤੇ ਸੰਘਰਸ਼ ਦੀ ਜ਼ਾਮਨ ਹੈ।

ਇਕ ਬਾਰਨਜ਼ ਚੇਅਰ ਪਰਸਨ ਬੀ. ਸੀ. ਗੌਰਮਿੰਟ ਇਮੈਲਾਈਜ਼ ਯੂਨੀਅਨ ਨੇ ਆਪਣੀ ਜਥੇਬੰਦੀ ਦੇ ਇਤਿਹਾਸ ਤੇ ਚਾਨਣਾ ਪਾਇਆ ਅਤੇ ਕਾਰਗੁਜ਼ਾਰੀ ਦੇ ਨਫਿਆਂ ਬਾਰੇ ਦੱਸਿਆ। ਮੋਅ ਸਹੋਤਾ M.L.A. ਨੂੰ ਵਿਲੀਅਮਜ਼ਲੇਕ ਵਿਚ ਹੋਣ ਵਾਲੇ ਡਿਨਰ ਵਿਚ ਸ਼ਾਮਲ ਹੋਣ ਦੇ ਸੱਦੇ ਦੀ ਸੂਚਨਾਂ ਦਿੱਤੀ।

ਗੁਰਬਖਸ਼ ਸੈਣੀ ਜੋ ਲੰਮੇ ਸਮੇਂ ਤੋਂ ਇਥੇ ਐਲਡਰਮੈਨ ਬਣੇਂ ਆ ਰਹੇ ਹਨ ਨੇ ਧਰਮ ਦਾ ਆਸਰਾ ਲੈਣ ਵਾਲੀ ਹਿੰਸਾ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਵੱਖਵਾਦੀਆਂ ਦੇ ਖਿਲਾਫ ਲੋਕਾਂ ਦੀ ਚਟਾਨ ਵਰਗੀ ਏਕਤਾ ਨੂੰ ਵਧਾਈ ਦਿੱਤੀ।

ਸਟੂਅਰਡ ਵੈਸਟੀ ਚੇਅਰਮੈਨ ਟੀਚਰ ਯੂਨੀਅਨ ਕੈਨੇਡਾ ਵਲੋਂ ਇਸ ਸਮਾਗਮ ਵਾਸਤੇ ਲਿਖਿਆ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ।

ਡੇਵ ਮੈਨਰਾ ਵਲੋਂ ਲੇਬਰ ਕੌਂਸਲ ਨੇ ਬਿੱਲ-19 ਦੇ ਪੜਦੇ ਉਧੇੜੇ ਤੇ ਕਿਹਾ ਕਿ ਸੋਕਰਡਾਂ ਨੇ ਕਿਵੇਂ ਆਪਣੇ ਮਿੱਤਰਾਂ ਅਤੇ ਸਮਰਥਕਾਂ ਨੂੰ ਨਜ਼ਾਇਜ਼ ਲਾਭ ਪੁਹਚਾਏ ਹਨ। ਨਾਈਟ ਸਟਰੀਟ ਪੱਬ ਡੇਵਿਡ ਪੂਲ ਦਾ ਅਸਤੀਫਾ ਤੇ ਉਸ ਨੂੰ ਦਿੱਤੀ ਸਰਵਿਸ ਪੇ ਬਾਬਤ ਦੱਸਿਆ। ਹਾਈ ਵੇ ਦੇ ਠੇਕੇ ਪ੍ਰਾਈਵੇਟ ਤੇ ਇਸ ਸਿਆਲ ਵਿਚ ਹੋਏ ਗੰਭੀਰ ਹਾਦਸਿਆ ਵਿਚ ਸਿੱਧੀ ਘਪਲੇਬਾਜ਼ੀ ਬਿਆਨ ਕੀਤੀ ਅਤੇ ਪ੍ਰਾਈਵੇਟ ਕਰਨ ਦੀ ਭਿਆਨਕਤਾ ਦੇ ਸਿੱਟੇ ਦੱਸੇ ਪਿਛਲੀਆਂ ਤਿੰਨ ਬਾਈ ਇਲੈਕਸ਼ਨਾਂ ਦੇ ਨਤੀਜਿਆਂ ਬਾਬਤ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਸੋਕਰਡਾਂ ਨੇ ਆਪਣਾ ਅਸਲੀ ਰੰਗ ਵਿਖਾਇਆ ਤਾਂ ਲੋਕਾਂ ਦਾ ਫਤਵਾ ਸਾਫ ਹੈ ਸੋ ਇਸ ਲਈ ਆਮ ਚੋਣਾਂ ਵਿਚ ਚਮਕਾਏ ਅਤੇ ਹੱਸਦੇ ਚੇਹਰੇ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ।

ਮਿਸਟਰ ਰੋਬਡੈਟਹਰ ਅਤੇ ਮੈਡਮ ਨਿਕੀ ਨੇ ਆਪਣੇ ਸਾਜ਼ਾ ਨਾਲ ਲੰਮੀਆਂ ਸੁਰਾਂ ਦਾ ਗੀਤ ਗਾਇਆ। ਮਿਸਟਰ ਹਾਰਵੀ ਪ੍ਰਧਾਨ I.W.A. ਲੋਕਲ—425 ਨੇ ਬੀ. ਸੀ. ਦੇ ਲੱਕੜ ਸਨੱਅਤ ਦੇ ਕਾਮਿਆਂ ਉਤੇ ਮੁਨਾਫੇ ਖੋਰਾਂ ਦੀਆਂ ਘਿਨੌਣੀਆਂ ਚਾਲਾਂ ਦਾ ਅਸਰ ਬੇਰੁਜ਼ਗਾਰੀ ਦੱਸਿਆ ਕਿ ਕਿਵੇਂ ਮਲਟੀ ਨੈਸ਼ਨਲ ਫਲੈਚਰ ਚੈਲਸ ਵਲੋਂ ਮੁਨਾਫਿਆਂ ਨੂੰ ਪਹਿਲ ਦਿਤੀ ਜਾ ਰਹੀ ਹੈ ਜਿਸ ਨਾਲ ਕਿਰਤੀ ਵਰਗ ਉਤੇ ਮਾਰੂ ਅਸਰ ਪੈ ਰਿਹਾ ਹੈ। ਸੋਕਰਡ ਪਾਰਟੀ ਦੀ ਪਾਲਸੀ ਕਾਮਿਆਂ ਦੀ ਘਾਤਕ ਅਤੇ ਧਨੀ ਮਿੱਤਰਾਂ ਦੀ ਵਫਾਦਾਰੀ ਦੀ ਉਦਾਹਰਣਾਂ ਸਾਹਿਤ ਸਪਸ਼ਟੀਕਰਣ ਕੀਤਾ। ਪਿਛਲੇ ਸਮੇਂ ਵਿਚ ਕੁਝ ਕਾਮਿਆਂ ਦੇ ਘਰਾਂ ਅੱਗੇ ਕਨਜ਼ਰਵੇਟਿਵ ਅਤੇ ਸੋਕਰਡ ਪਾਰਟੀ ਦੇ ਸਾਈਨ ਬੋਰਡਾਂ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਲੋਕ ਵਿਰੋਧੀ ਪਾਰਟੀਆਂ ਨੂੰ ਮੂੰਹ ਨਹੀਂ ਲਗੌਣਾ ਚਾਹੀਦਾ। ਪ੍ਰਧਾਨ ਹਾਰਵੀ ਨੇ ਮੈਡੀ ਕੇਅਰ ਉਤੇ ਹੋ ਰਹੇ ਹਮਲਿਆਂ ਨੂੰ ਪਛਾੜਨ ਦੀ ਅਪੀਲ ਕੀਤੀ।

ਅੰਗਰੇਜ਼ੀ ਦੇ ਭਾਸ਼ਣਾਂ ਤੋਂ ਬਾਅਦ ਕਾ. ਅਮਰਜੀਤ ਪੂਨੀ ਦੀ ਕਵੀਸ਼ਰੀ ਪਾਰਟੀ ਨੇ ਸ਼ਹੀਦਾਂ ਦੀ ਜੋਸ਼ੀਲੀ ਵਾਰ ਪੇਸ਼ ਕੀਤੀ ਅਤੇ ਪੰਜਾਬੀ ਬੁਲਾਰਿਆਂ ਦੀਆਂ ਤਕਰੀਰਾਂ ਦਾ ਦੌਰ ਸ਼ੁਰੂ ਹੋਇਆ। ਮਾਸਟਰ ਗੁਰਮੇਲ ਸਿੰਘ ਹੋਰਾਂ ਇਸ ਮੇਲੇ ਦੀ ਮਹਾਨਤਾ ਦੱਸਦਿਆ ਕਿਹਾ ਕਿ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਵਾਸਤੇ ਮਿਹਨਤ ਕਸ਼ ਅਵਾਮ ਨੂੰ ਲੁਟੇਰੀਆਂ ਜਮਾਤਾਂ ਦੇ ਵਿਰੁੱਧ ਤਕੜੀ ਏਕਤਾ ਦੀ ਲੋੜ ਹੈ ਸ਼ਹੀਦਾਂ ਦੇ ਅਸਲੀ ਵਾਰਸ ਬਨਣ ਦਾ ਹੱਕ ਲੋਕ ਪੱਖੀ ਸੰਗਰਾਮ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।


- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ • ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ

**ਮਹਿਬੂਬ ਪਿਰਾਨੀ** ਬੈਰਿਸਟਰ ਤੇ ਸੌਲਸਿਟਰ ਨੂੰ ਮਿਲੋ

Beck, Robinson & Co.
700-686 West Broadway Vancouver,
B.C. V5X 1G6

ਫੋਨ : 874-0204

ਕਾ. ਅਮਰਜੀਤ ਸਿੰਘ ਪੁਨੀ ਨੇ ਆਪਣੀ ਤਕਰੀਰ ਵਿਚ ਆਖਿਆ ਕਿ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਹਿੰਦੋਸਤਾਨ ਵਿਚ ਸ਼ੋਸ਼ਲਿਜ਼ਮ ਦਾ ਪ੍ਰਬੰਧ ਸਥਾਪਤ ਕਰਨ ਵਾਸਤੇ ਆਪਣੀਆਂ ਜਾਨਾਂ ਖਿੜੇ ਮੱਥੇ ਕੁਰਬਾਨ ਕਰ ਗਏ। ਭਾਰਤ ਦੇ ਇਤਿਹਾਸ ਨੂੰ ਉਹਨਾਂ ਦੀ ਸੁੱਚੀ ਭਾਵਨਾ ਨੂੰ ਲੱਖਵਾਰ ਪ੍ਰਣਾਮ ਕਰਕੇ ਹਾਂ।

ਕਾਮਰੇਡ ਸ਼ੇਕਰ ਸਿੰਘ ਨੇ ਵਰਲਡ ਸਿੱਖ ਆਰਗੇਨਾਈਜੇਸ਼ਨ (W.S.O.) ਦੇ ਪ੍ਰਧਾਨਗੀ ਦਾ ਜਾਤੀ ਖਾਸਾ ਲੋਕਾਂ ਸਾਹਮਣੇ ਪੇਸ਼ ਕੀਤਾ। 'ਬ਼ਕਲ ਇਸ ਦੇ ਵਿਰੁੱਧ E.I.W.A. ਨੂੰ ਮੁਜ਼ਾਹਰੇ ਕਰਨੇ ਪਏ ਅਤੇ ਆਗੂਆਂ ਨੂੰ ਅਦਾਲਤੀ ਕਾਰਵਾਈਆਂ ਦੀਆਂ ਧਮਕੀਆਂ ਦਿੱਤੀਆਂ ਗਈਆਂ ਪਰ ਵਿਲੀਅਮਜ਼ਲੇਕ ਦੇ ਭਾਰਤੀ ਕਾਮਿਆਂ ਦਾ ਏਕਾ ਹੋਰ ਮਜ਼ਬੂਤ ਹੋ ਗਿਆ ਤੇ ਇਨ੍ਹਾਂ ਨੂੰ ਗੁਰਦਵਾਰੇ ਦੀ ਚੌਧਰ ਤੋਂ ਵਾਂਝਿਆਂ ਕਰ ਦਿੱਤਾ ਪਰ ਇਨ੍ਹਾਂ ਆਪਣੀ ਢਾਈ ਪਾ ਖਿਚੜੀ ਵਾਂਗ ਨਵੀਂ ਰਸੋਈ ਬਣਾ ਲਈ। ਪਹਿਲੇ ਗੁਰੂ ਘਰ ਦੀਆਂ ਰੌਣਕਾਂ ਨੂੰ ਖੋਰਾ ਲੈਣ ਦੀ ਨਵੀਂ ਸਾਜ਼ਸ਼ ਘੜ ਲਈ ਜਦੋਂ ਅਮਰਜੀਤ ਸੋਹੀ ਐਡਮਿੰਟਨ ਨੇ ਗੀਤ ਪੇਸ਼ ਕੀਤਾ ਤਾਂ ਦਰਸ਼ਕਾਂ ਨੇ ਤਾਲੀਆਂ ਦੀ ਲੰਬੀ ਸੁਰ ਨਾਲ ਦਾਦ ਦਿੱਤੀ।

ਕਾਮਰੇਡ ਜੀਤ ਸਿੰਘ ਅਣਖੀ ਆਪਣੇ ਖਿਆਲ ਪੇਸ਼ ਕਰਦਿਆਂ ਕਿਹਾ ਕਿ ਸ੍ਰ. ਭਗਤ ਸਿੰਘ ਨੂੰ ਸ਼ਹੀਦੇ ਆਜ਼ਮ ਦੀ ਪਦਵੀ ਤਾਂ ਹੀ ਦਿੱਤੀ ਜਾਂਦੀ ਹੈ ਕਿ ਉਹਨਾਂ ਆਜ਼ਾਦੀ ਦੀ ਰੂਪ ਰੇਖਾ ਨੂੰ ਜੰਤਾ ਸਾਹਮਣੇ ਵਧੇਰੇ ਸਪਸ਼ਟਤਾ ਨਾਲ ਪੇਸ਼ ਕੀਤਾ ਸੀ। ਕਾਂਗਰਸ ਪਾਰਟੀ ਭਾਰਤ ਨੂੰ ਸਿਰਫ ਅੰਗਰੇਜ਼ ਸਾਮਰਾਜ ਤੋਂ ਹੀ ਆਜ਼ਾਦ ਕਰਵਾਉਣਾ ਚਾਹੁੰਦੀ ਸੀ। ਪਰ ਸ. ਭਗਤ ਸਿੰਘ ਹੋਰਾਂ ਦਾ ਨਿਸ਼ਾਨਾਂ ਫਰੰਗੀ ਨੂੰ ਦੇਸ਼ ਵਿਚੋਂ ਕੱਢਣਾ ਅਤੇ ਭਾਰਤ ਦੀਆਂ ਲੋਟੂ ਜਮਾਤਾਂ ਤੋਂ ਆਜ਼ਾਦ ਕਰਵਾਉਣਾ ਭੀ ਜ਼ਰੂਰੀ ਸੀ। ਉਹਨਾਂ ਰੂਸ ਵਿਚ ਇਨਕਲਾਬ ਤੋਂ ਬਾਦ ਕਾਮਰੇਡ ਲੈਨਿਨ ਦੀ ਸਿਧਾਂਤਨ ਅਗਵਾਈ ਤੋਂ ਪ੍ਰਭਾਵਤ ਹੋ ਕੇ ਆਜ਼ਾਦ ਹਿੰਦੋਸਤਾਨ ਦੀ ਮੁਕਤੀ ਦਾ ਮਾਰਗ ਸੋਸ਼ਲਿਸਟ ਪ੍ਰਬੰਧ ਦੀ ਮਹਾਨਤਾ ਕਬੂਲ ਕਰ ਲਈ ਸੀ। ਰੂਸ ਦਾ ਇਨਕਲਾਬ ਭਾਰਤ ਨੌਜਵਾਨ ਸਭਾ ਦੀ ਪ੍ਰੇਰਨਾਂ ਦਾ ਸੋਮਾਂ ਬਣ ਗਿਆ ਸੀ, ਕਿ ਕ੍ਰਿਤੀਆਂ ਦਾ ਰਾਜ ਸੱਤਾ ਉੱਤੇ ਕਬਜ਼ਾ ਕਰ ਲੈਣ ਸੰਭਵ ਬਣ ਗਿਆ ਹੈ ਉਹਨਾਂ ਨੇ ਰੂਸੀ ਕ੍ਰਿਤੀਆਂ ਦੇ ਦਿਲਾਂ ਦੀ ਧੜਕਣ ਅਤੇ ਆਗੂ ਕਾਮਰੇਡ ਲੈਨਿਨ ਨੂੰ ਸ਼ੁਭ ਕਾਮਨਾਵਾਂ ਭੇਜੀਆਂ ਸਨ। ਇਸ ਇਤਹਾਸਕ ਅਤੇ ਸਿਧਾਂਤਕ ਕ੍ਰਾਂਤੀ ਨੂੰ ਆਪਣੀ ਮੰਜ਼ਿਲ ਦੀਂ ਪੱਥ ਪ੍ਰਦਰਸ਼ਕ ਮਨ ਕੇ ਸ਼ੋਸ਼ਲਿਜ਼ਮ ਦਾ ਨਾਹਰ ਆਪਣਾ ਆਦਰਸ਼ ਬਣਾ ਲਿਆ। ਕਾਮਰੇਡ ਜੀਤ ਸਿੰਘ ਅਣਖੀ ਨੇ ਅੱਜ ਦੇ ਭਾਰਤ ਵਿਚ ਦਿਨ-ਬ-ਦਿਨ ਵੱਧ ਰਹੀ ਖੱਬੇ ਮੋਰਚੇ ਦੀ ਅਗਵਾਈ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ) ਦੇ ਘੋਲ ਅਤੇ C.P.I. ਨਾਲ ਮਿਲਕੇ ਲੋਕ ਸ਼ਕਤੀ ਨੂੰ ਲਾਮਬੰਦ ਕਰਨ ਦੀ ਵਿਸਥਾਰ ਪੂਰਬਕ ਪਹੁੰਚ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਕਾਂਗਰਸ ਸਰਕਾਰ ਦੀਆਂ ਦੰਭੀ ਨੀਤੀਆਂ ਦੇ ਗੋਰਖ ਧੰਦੇ ਦੀ ਸ਼ਰਾਰਤੀ ਸਿਆਸਤ ਦੇ ਭੇਦ ਪੂਰੇ ਵਿਸਥਾਰ ਨਾਲ ਲੋਕਾਂ ਦਾ ਕਚਿਹਰੀ ਵਿਚ ਪੇਸ਼ ਕੀਤੇ ਅਤੇ ਆਖਿਆ ਕਿ ਭਾਰਤ ਦੀ ਜੰਤਾ ਦਿਨ-ਬ-ਦਿਨ ਚੇਤੰਨ ਹੋ ਕੇ ਦੋ ਧੜਿਆਂ ਦੇ ਖਾਸੇ ਨੂੰ ਸਮਝ ਦੇ ਸਮਰੱਥ ਹੋ ਰਹੀ ਹੈ ਕਿ ਕਿਹੜਾ ਧੜਾ ਲੋਕਾਂ ਦਾ ਹੈ ਤੇ ਕਿਹੜਾ ਲਾਣਾਂ ਜੋਕਾਂ ਦਾ ਹੈ ਜੋ ਕਾਂਗਰਸ ਸਰਕਾਰ ਦੀ ਬੁੱਕਲ ਵਿਚ ਪੱਲ ਰਿਹਾ ਹੈ। ਕਾ. ਅਣਖੀ ਨੇ ਅਖੀਰ ਵਿਚ ਕਿਹਾ ਕਿ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਸਾਥੋਂ ਸਾਮਰਾਜ ਦੀ ਧਰਤੀ ਤੇ ਜੁਨਗੁਜ਼ਾਰਾ ਕਰ ਰਹਿ ਭਾਰਤੀਆਂ ਤੋਂ ਮੰਜ਼ਗ ਕਰਦੀਆਂ ਹਨ ਕਿ ਅਸੀਂ ਭਾਰਤ ਵਿਚ ਕਿਰਤੀਆਂ ਦੇ ਸੰਘਰਸ਼ਾਂ ਦੀ ਅਗਵਾਈ ਕਰ ਰਹੀ C.P.I.(M) ਦੀ ਹਰ ਸੰਭਵ ਸਹਾਇਤਾ ਕਰੀਏ। ਜਲਸੇ ਦੇ ਪ੍ਰਧਾਨ ਵਜੋਂ ਕਾ. ਅਣਖੀ ਹੋਰਾਂ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ E.I.W.A. ਦੇ ਕਾਰਕੁਨਾਂ ਨੂੰ ਇਸ ਸ਼ਹੀਦੀ ਵਾਰਸ਼ਿਕ ਮੇਲੇ ਦੀ ਕਾਮਯਾਬੀ ਦੀ ਵਧਾਈ ਦਿਤੀ।

ਹੇਠ ਜਿਥੇ ਸ਼ੋਕ ਮਤੇ 15 ਸੈਕਿੰਡ ਖਾਮੋਸ਼ ਸਾਵਧਾਨ ਹੋ ਕੇ ਇਸ ਭਰਵੇਂ ਇੱਕਠ ਵਿਚ ਪਾਸ ਕੀਤੇ ਅਤੇ ਭਾਵਪੂਰਬਕ ਲਹਿਰ ਤੋਂ ਵਿਛੜ ਗਏ ਸਾਥੀਆਂ ਨੂੰ ਸਰਧਾਂਜਲੀਆਂ ਭੇਂਟ ਕੀਤੀਆਂ। ਕਾਮਰੇਡ ਪਿਆਰਾ ਸਿੰਘ ਬਾਸੀ, ਸ. ਦਰਸ਼ਣ ਸਿੰਘ ਕਨੇਡੀਅਨ, ਕਾ. ਚੰਨਣ ਸਿੰਘ ਧੂਤ ਦਾ ਧਵਨ, ਕਾ.ਹਰਬੰਸ ਸਿੰਘ ਬੀਕਾ, ਕਾ.ਰਾਜਿੰਦਰ ਸਿੰਘ ਸਰੀਂਹ, ਕਾ.ਕ੍ਰਿਪਾਲ ਸਿੰਘ ਐਡਵੋਕੇਟ ਚੰਡੀਗੜ੍ਹ, ਕਾ. ਦੇਸ ਰਾਜ ਸਹੋਤਾ 'ਕਵੀ ਪਾਸ਼', ਕਾ. ਜੈਮਲ ਸਿੰਘ ਪੱਡਾ ਅਤੇ ਅਣਗਿਣਤ ਅਗਾਂਹਵਧੂ ਲਹਿਰ ਦੇ ਸੰਗਰਾਮ ਸ਼ਹੀਦ ਹੇਠ ਲਿਖੇ ਮਤੇ ਲੋਕਾਂ ਵਲੋਂ ਹੱਥ ਖੜੇ ਕਰਕੇ ਸਰਬ ਸੰਮਤੀ ਅਤੇ ਨਾਹਰਿਆਂ ਦੀ ਗੂੰਜਵੀਂ ਆਵਾਜ਼ ਨਾਲ ਪਾਸ ਕੀਤੇ ਗਏ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਦਿ ਕੈਨੇਡਾ ਭਾਰਤ ਸਰਕਾਰ ਵਲੋਂ ਪੰਜਾਬ ਦੇ ਮਸਲੇ ਸਬੰਧੀ ਕੀਤੇ ਐਲਾਨ ਉਪਰ ਵਿਚਾਰ ਕਰਨ ਉਪਰੰਤ ਇਸ ਵਿਚਾਰ ਦੀ ਹੈ ਕਿ ਕੇਂਦਰੀ ਸਰਕਾਰ ਨੇ ਪੰਜਾਬ ਬਾਰੇ ਜੋ ਐਲਾਨ ਕੀਤਾ ਕਿ ਜੋਧਪੁਰ ਦੇ ਬੰਦੀਆਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ। ਪੰਜਾਬ ਦੇ ਤਿੰਨ ਜ਼ਿਲਿਆਂ ਨੂੰ ਛੱਡ ਕੇ ਗੜਬੜ ਵਾਲੇ ਇਲਾਕੇ ਦੇ ਐਲਾਨ ਨੂੰ ਖਤਮ ਕੀਤਾ ਹੈ। ਪੰਜਾਬ ਵਾਸਤੇ ਵੱਖਰੇ ਵੀਜ਼ੇ ਦੀ ਪਾਬੰਧੀ ਖਤਮ ਕਰ ਦਿੱਤੀ ਹੈ ਆਦਿ ਦਾ ਸਵਾਗਤ ਕਰਦੀ ਹੈ। ਪਰ ਇਸ ਨੂੰ ਕਾਫੀ ਨਹੀਂ ਸਮਝਦੀ। E.I.W.A. ਉਪਰੋਕਤ ਐਲਾਨ ਨੂੰ ਸਿਰਫ ਪ੍ਰਸ਼ਾਸ਼ਨਕ ਕਦਮਾਂ ਨੂੰ ਇੱਕ ਹੱਦ ਤੱਕ ਵਾਪਸ ਲੈਣਾ ਹੀ ਸਮਝ ਰਹੀ ਹੈ ਇਸ ਐਲਾਨ ਵਿਚ ਪੰਜਾਬ ਬਾਰੇ ਕੋਈ ਭੀ ਰਾਜਨੀਤਕ ਹੱਲ ਵੱਲ ਕਦਮ ਨਹੀਂ ਪੁੱਟਿਆ ਗਿਆ। ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦਾ ਮਸਲਾ ਅਤੇ ਚੰਡੀਗੜ੍ਹ ਆਦਿ ਦਾ ਕਿਧਰੇ ਜ਼ਿਕਰ ਤੱਕ ਵੀ ਨਹੀਂ ਕੀਤਾ ਗਿਆ।

2 ਸੰਸਾਰ ਅਮਨ ਦੱਖਣੀ ਅਫਰੀਕਾ ਅਤੇ ਕੈਨੇਡਾ ਵਿਚ ਰਹਿੰਦਿਆਂ ਭਾਰਤੀਆਂ ਨੂੰ ਜੋ ਸਮੱਸਿਆਵਾਂ ਪੇਸ਼ ਆ ਰਹੀਆਂ ਹਨ। ਫਲਸਤੀਨੀ ਲੋਕਾਂ ਦੇ ਸੰਘਰ ਦੀ ਸੁਖ ਮੰਗੀ ਅਤੇ ਸਾਮਰਾਜ ਦੀਆਂ ਕਾਲੀਆਂ ਕਰਤੂਤਾਂ ਦੀ ਨਿਖੇਧੀ ਕੀਤੀ।

3 ਖਾਲਿਸਤਾਨੀ, ਮਜ਼ਬੀ, ਜਨੂੰਨੀਆਂ, ਅਤੇ ਮੌਕਾ ਪ੍ਰਸਤਾਂ ਦਾ ਡੱਟਵਾ ਵਿਰੋਧ ਕਰਦੇ ਹਾਂ। ਆਖੀਰ ਵਿਚ ਹਰਭਜਨ ਸਿੰਘ ਮਾਨ ਦੀ ਸੰਗੀਤ ਪਾਰਟੀ ਨੇ ਸ਼ਹੀਦਾ ਦੀ ਯਾਦ ਤਾਜ਼ਾ ਕਰਕੇ ਦਰਸ਼ਕਾਂ ਦੀਆਂ ਅੱਖੀਆਂ ਵਿਚੋਂ ਹੰਝੂਆਂ ਦੀ ਝਨਾਂ ਵਗਾਹ ਦਿੱਤੀ। ਫਿਰ ਲੋਕਾਂ ਦੀ ਅਥਾਹ ਮੰਗ ਤੇ ਇਹ ਪ੍ਰੋਗਰਾਮ ਦੋ ਘੰਟੇ ਟੀ. ਵੀ. ਤੇ ਪੇਸ਼ ਕੀਤਾ ਗਿਆ। ਆਖੀਰ ਵਿਚ ਸਰੀ ਆਰਟ ਕਲੱਬ ਨੇ ਚਰਨਜੀਤ ਸਿੰਘ ਸੈਣੀ ਦੀ ਅਗਵਾਈ ਵਿਚ ਭੰਗੜਾ ਪੇਸ਼ ਕੀਤਾ ਗਿਆ ਜਿਸ ਨੂੰ ਦੇਵ ਮਖਸੂਸ ਪੁਰੀ ਦੇ ਸੁਰੀਲੇ ਗੀਤਾਂ ਨਾਲ ਸ਼ਿੰਗਾਰਿਆ ਗਿਆ। ਲੋਕਾਂ, ਗੱਭਰੂਆਂ ਦੇ ਸਵਰ ਅਤੇ ਤਾਲ ਦੇ ਸੁਮੁਲ ਨਾਲ ਝੂੰਮਣ ਲੱਗ ਪਏ। ਹਰਭਜਨ ਮਾਨ ਦੀ ਸੰਗੀਤ ਪਾਰਟੀ ਵਿਲੀਅਮਜ਼ ਲੇਕ ਦੇ ਲੋਕਾਂ ਦੇ ਘਰ ਘਰ ਦੀ ਪ੍ਰਸ਼ੰਸਾ ਦੀ ਪਾਤਰ ਬਣ ਗਈ।

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ

(ਸਫਾ31 ਦੀ ਬਾਕੀ)

ਹਾਂ ਜੀ, ਇਹ ਇਟਲੀ ਤੋਂ ਆਈ 10 ਲੋਕਾਂ ਦੀ ਟੋਲੀ ਦਾ ਕੀ ਚੱਕਰ ਹੈ। ਸੁਣਿਆ ਹੈ ਕਿ ਇਹ ਲੋਕ ਤੁਹਾਡੇ ਇਥੋਂ 2-3 ਬਕਸਿਆਂ ਵਿਚ ਕੁਝ ਭਰ ਕੇ ਲੈ ਗਏ। ਕਹਿਣ ਵਾਲੇ ਤਾਂ ਇਹ ਵੀ ਕਹਿ ਰਹੇ ਹਨ ਕਿ ਇਹ ਲੋਕ ਕੁਝ ਦਸਤਾਵੇਜ਼ ਉਡਾਅ ਕੇ ਲੈ ਗਏ ਹਨ। ਸੁਣਿਆ ਤਾਂ ਇਹ ਵੀ ਹੈ ਕਿ ਹਵਾਈ ਅੱਡੇ ਤੋਂ ਇਸ ਟੋਲੀ ਨੂੰ ਲੈਣ ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਦਸਤਾ ਪੁੱਜਾ ਸੀ। ਸੁਣੀ-ਸੁਣਾਈ ਖਬਰ ਹੈ ਜੀ ਪਤਾ ਨਹੀਂ ਸੱਚ ਹੈ ਜਾਂ ਝੂਠ। ਜੇ ਸੱਚ ਹੈ ਤਾਂ ਪਤਾ ਨਹੀਂ ਲੀਕ ਕਿਸ ਤਰਾਂ ਹੋ ਗਈ। ਬਾਕੀ ਸਭ ਠੀਕ ਹੈ ਜੀ। ਓ ਹਾਂ। ਉਸ ਦਿਨ ਤੁਸੀਂ ਸਾਨੂੰ ਦੇਸ਼ ਲਈ ਖਾਮਖਾਹ ਦੌੜਾਅ ਤਾਂ ਦਿਤਾ ਪਰ ਨਹਿਰੂ ਜੀ ਅਤੇ ਇੰਦਰਾ ਜੀ ਦੇ ਦਿਖਾਏ ਰਾਸਤੇ ਵਾਲਾ ਨਕਸ਼ਾ ਤੁਸੀਂ ਹੁਣ ਤਕ ਨਹੀਂ ਭਿਜਵਾਇਆ। ਕਲ ਲਾਲਾ ਭ ਈ ਮਜ਼ਾਕ ਵਿਚ ਕਹਿ ਰਿਹਾ ਸੀ ਕਿ ਦੇਸ਼ ਦੀ ਸੁਰਖਿਆ ਲਈ ਇੰਨਾਂ ਖਤਰਨਾਕ ਤਾਂ ਨਹੀਂ ਹੋਵੇਗਾ ਇਹ ਨਕਸ਼ਾ। ਜੋ ਰਾਜੀਵ ਇਸ ਨੂੰ ਭਿਜ-ਵਾਉਣ ਤੋਂ ਕਤਰਾਅ ਰਹੇ ਹਨ। ਇਸ ਤੇ ਉਹਨਾਂ ਦੇ ਸਾਲੇ ਸਾਹਿਬ ਬੋਲੇ ਜੀਜਾ ਜੀ ਲਗਦਾ ਹੈ ਕਿ ਇਹ ਨਕਸ਼ਾ ਵੀ ਲੀਕ ਹੀ ਕਰਵਾਉਣਾ ਪਵੇਗਾ। ਬਾਕੀ ਸਭ ਠੀਕ ਹੈ।

ਜੈ ਹਿੰਦ। -ਤੇਰ ਅੰਦਾਜ਼
(ਅਨੁ: ਐਸ. ਮਲੂਕ)

# ਰਾਜਿੰਦਰ ਸਰੀਂਹ–ਇਕ ਉਤਸ਼ਾਹੀ ਜੀਵਨ

—ਦਲੀਪ ਸਿੰਘ ਜੌਹਲ

ਸਾਥੀ ਰਾਜਿੰਦਰ ਸਿੰਘ ਸਰੀਂਹ ਕੇਂਦਰੀ ਕਤਰੇਤ ਮੈਂਬਰ ਸੀ. ਪੀ. ਆਈ (ਐਮ) ਪੰਜਾਬ ਸੂਬਾ ਕਮੇਟੀ ਨੂੰ ਬਿਮਾਰੀ ਸਾਥੋਂ ਸਦਾ ਲਈ ਖੋਹਕੇ ਲੈ ਗਈ। ਇਸਬੇਵਕਤ ਵਿਛੋੜੇ ਨਾਲ ਜਮਹੂਰੀ ਲਹਿਰ ਦੇ ਨਾਲ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਨੂੰ ਬੜਾ ਵੱਡਾ ਪਿਆ। ਉਹ ਮਾਰਕਸਿਜ਼ਮ ਲੈਨਿਨਜਿਮ ਦੀ ਚੰਗੀ ਪਕੜ ਰਖਣ ਵਾਲੇ, ਚੰਗੇ ਸੁਲਝੇ ਤੇ ਸੁਚੱਜੇ ਸੁਭਵਾਨ, ਹੌਂਸਲੇ ਤੇ ਠਰ੍ਹਮੇ ਵਾਲੇ ਇਨਕਲਾਬੀ ਸਨ। ਇਹ ਮਹਾਨ ਵਿਅਕਤੀ ਆਪਣੇ ਸਾਥੀਆਂ ਦੇ ਵਿਚਾਰ ਬੜੇ ਗੌਹ ਤੇ ਧੀਰਜ ਨਾਲ ਸੁਣਦੇ, ਕਾਹਲੇ ਨਾ ਪੈਂਦੇ। ਦਲਾਸਾ ਦਿੰਦੇ ਤੇ ਸਮਝਾ ਬੁਝਾ ਕੇ ਆਏ ਸਾਥੀ ਦੀ ਤਸੱਲੀ ਕਰਾਉਂਦੇ।ਉਲੀਕੇ ਕੰਮਾਂ ਨੂੰ ਨੇਪਰੇ ਚਾੜਨ ਲਈ ਪੂਰਾ ਧਿਆਨ ਦਿੰਦੇ ਤੇ ਆਪਣਾ ਬਣਦਾ ਹਿੱਸਾ ਪਾਉਂਦੇ।

ਸੰਘਰਸ਼ਾਂ ਤੇ ਕੁਰਬਾਨੀਆਂ ਦਾ ਬੇਗਰਜ ਜੀਵਨ, ਹਮੇਸ਼ਾਂ ਚੜ੍ਹਦੀ ਕਲਾ, 'ਚ ਰਹਿ ਅਥਾਹ ਲੱਗਨ ਮਿਹਨਤ, ਦਲੇਰੀ ਤੇ ਦਰਿੜਤਾ ਨਾਲ ਲੰਮਾ ਸਮਾਂ ਪਾਰਟੀ ਤੇ ਜਨਤਕ ਜਥੇਬੰਦੀਆਂ ਪ੍ਰਤੀ ਸੂਝ ਬੂਝ ਨਾਲ ਨਿਭਾਈਆਂ ਜੁੰਮੇਂਵਾਰੀਆਂ ਤੇ ਉਹਨਾਂ ਦੇ ਉਸਾਰਨ ਤੇ ਬਨਾਉਣ ਵਾਲਾ ਸਾਥੀ, ਆਗੂ ਤੇ ਇਨਕਲਾਬੀ ਯੋਧਾਲਗਨ ਭਰੀਆਂ ਸੇਵਾਵਾਂਦੀ ਆਪਣੀ ਛਾਪ ਲਹਿਰ ਵਿਚ ਛੱਡ, ਤੁਰ ਗਿਆ। ਯਾਦ ਆਉਂਦੀ ਹੈ ਤਾਂ ਪੰਜ ਦਹਾਕਿਆਂ ਦੀ ਜੀਵਨ ਫਿਲਮ ਅੱਖਾਂ ਅਗ ਆ ਜਾਂਦੀ ਹੈ। ਉਹ ਧੜਲੇਦਾਰ, ਵਫਾਦਾਰ, ਬੇਦਾਗ ਅਤੇ ਭਰੋਸੇ ਯੋਗ ਸਾਥੀ ਸੀ। ਮੁਸ਼ਕਲ ਤੋਂ ਮੁਸ਼ਕਲ ਭਰੇ ਤੇ ਇਕੋ ਸਮੇਂ ਦਰਪੇਸ਼ ਬਹੁਤੀਆਂ ਸਮਸਿਆਵਾਂ ਸਮੇਂ ਵੀ ਸਾਥੀ ਮੁਸਕਰਾਉਂਦਾ ਰਹਿੰਦਾ ਤੇ ਵਿਰੋਧੀ ਧਿਰਾਂ ਚਾਲਾਂ ਨੂੰ ਭਾਂਜ ਦੇਣ ਤੇ ਉਸ 'ਚੋਂ ਨਿਕਲਣ ਦੀ ਸਬੀਲ ਜਾਂ ਰਾਹ ਕਢਣ 'ਚ ਮਾਹਰ ਜਾਂ ਉਸਤਾਦ ਸੀ। ਆਏ ਸਾਥੀ ਨੂੰ ਕਦੋਮਾਯੂਸ ਕਰਕੇ ਵਾਪਸ ਮੋੜਨਾ ਉਸ ਦੇ ਅਮਲ ਦਾ ਹਿਸਾ ਨਹੀਂ ਸੀ। ਡਰ ਨਾ ਦਾ ਪਰਛਾਵਾਂ ਉਹਨਾਂ ਦੇ ਨੇੜੇ ਨਹੀਂ ਸੀ ਆ ਸਕਦਾ।

ਜਦ ਸਾਥੀ ਸਰੀਂਹ ਨੇ ਵਿਛੋੜਾ ਦਿਤਾ ਉਸ ਸਮੇਂ ਅਸੀਂ ਉੜੀਸਾ ਸੂਬੇ 'ਚ ਕੁਲ ਹਿੰਦ ਕਿਸਾਨ ਕਮੇਟੀ ਦੀ ਮੀਟਿੰਗ ਤੇ ਗਏ ਹੋਏ ਸਾਂ। ਉਥੋਂ ਹੀ ਸਾਨੂੰ ਇਹ ਦੁਖ ਦਾਈ ਖਬਰ ਮਿਲੀ। ਜਲੰਧਰ ਸੂਬਾ ਦਫਤਰ ਵਾਪਸ ਪੁਜੇ ਤਾਂ ਸਾਥੀ ਸਤਵੰਤ ਸਿੰਘ ਸਕੱਤਰ ਸੂਬਾ ਕਮੇਟੀ ਨੇ ਬੜੇ ਭਰੇ ਤੇ ਦੁਖੀ ਮਨਾਂ ਨਾਲ ਕਿਹਾ, ਜੌਹਲ 'ਇਕ ਵੀਰਾ ਵਿਛੋੜਾ ਦੇ ਗਿਆ। ਪਹਿਲਾਂ ਸਾਥੀ ਸਰੀਂਹ ਮੈਨੂੰ ਪਿਆਰ ਨਾਲ 'ਸਾਡਾ ਵੀਰਾ' ਕਿਹਾ ਕਰਦਾ ਸੀ। ਫਿਰ ਇਹ ਘੇਰਾ ਵਿਸ਼ਾਲ ਹੋ ਗਿਆ ਤੇ ਸ਼ਬਦ 'ਵੀਰੇ' ਪ੍ਰਚਲਤ ਹੋ ਗਿਆ। 'ਵੀਰਾ' ਸ਼ਬਦ ਦੇ ਘੇਰੇ ਵਿਚ ਰਾਜਿੰਦਰ ਸਿੰਘ ਸਰੀਂਹ, ਗੁਰਚਰਨ ਸਿੰਘ ਰੰਧਾਵਾ ਤੇ ਦਲੀਪ ਸਿੰਘ ਜੌਹਲ ਤਿੰਨ ਨਾ ਆਉਂਦੇ ਸਨ।

ਕਮਿਊਨਿਸਟ ਲਹਿਰ ਲਈ ਅਥਾਹ ਲਗਨ ਤੇ ਦ੍ਰਿੜ ਇਰਾਦੇ, ਨਿਧੜਕ ਤੇ ਨਿਡਰਤਾ ਨਾਲ ਕੰਮ ਕਰਨ ਦੀ ਯੋਗਤਾ, ਸਿਧਾਂਤਕ ਸੂਝ ਬੂਝ ਨਾਲ ਦੂਸਰੇ ਨੂੰ ਕਾਇਲ ਕਰਨ ਦੀ ਸਮਰਥਾ ਸਦਕਾ ਦੂਸਰੀਆਂ ਪਾਰਟੀਆਂ ਵਿਚ ਮਾਣ ਤੇ ਸਤਿਕਾਰ ਦਾ ਉਘਾ ਸਥਾਨ ਬਣਾ ਲਿਆ ਸੀ। ਸਰਕਾਰੀ ਅਧਿਕਾਰੀਆਂ ਅਗੇ ਆਪਣੇ ਪੱਖ ਤੇ ਕੇਸ ਪੇਸ਼ ਕਰਨ ਦੀ ਯੋਗਤਾ ਵੀ ਕਮਾਲ ਦੀ ਸੀ। ਪੰਜ ਦਹਾਕਿਆਂ ਦੇ ਅਮੀਰ ਵਿਰਸੇ ਤੇ ਤਜਰਬੇ ਵਾਲਾ ਸਾਦਾ ਸੁਵਛ ਤੇ ਨਿਸ਼ਕਾਮ ਪਿਆਰ, ਨਿਘ ਤੇ ਮਿਲਨਸਾਰ ਗੁਣਾ ਦਾ ਮਾਲਕ ਸਾਥੀ ਸਰੀਂਹ ਛੇਤੀ ਨਹੀਂ ਮਿਲਦਾ।

ਪਿਛਲੇ ਸਮੇਂਵਿਚ ਬੇਗੁਨਾਹਾਂ ਦੇ ਕਤਲਾਂ ਸਮੇਂ ਚਲ ਰਹੀ ਫਿਰਕੂ ਹਨੇਰੀ ਸਮੇਂ ਜਦ ਵੀ ਕਦੀ ਦੋਹਾਂ ਫਿਰਕਿਆਂ ਦੇ ਰੂੜੀਵਾਦੀ ਜਨੂੰਨੀਆਂ ਨੇ ਫਿਰਕੂ ਦੰਗੇ ਭੜਕਾਉਣ ਲਈ ਸਰਗਰਮੀ ਕੀਤੀ ਸਾਥੀ ਸਰੀਂਹ ਉਥੇ ਪੁਜਦੇ। ਬੜੀ ਨਿਡਰਤਾ ਨਾਲ ਇਹਨਾਂ ਦੇਸ਼ ਧਰੋਹੀ ਤਾਕਤਾਂ ਦੇ ਭੈੜੇ ਮਨਸੂਬਿਆਂ ਦਾ ਭਾਂਡਾ ਭੰਨਦੇ। ਲੋਕਾਂ ਨੂੰ ਸਮਝਾਉਣ ਤੇ ਜਥੇਬੰਦ ਕਰਨ ਵਿਚ ਦਿਨ ਰਾਤ ਇਕ ਕਰ ਦਿੰਦੇ। ਇਹਨਾਂ ਦੀ ਇਸ ਹਿੰਮਤ ਤੇ ਸਿਆਣਪ ਨੇ ਫਿਰਕੂ ਸਦਭਾਵਨਾ ਤੇ ਹਿੰਦੂ ਸਿੱਖ ਏਕਤਾ ਬਣਾਈ ਰਖਣ ਦੀ ਪਹੁੰਚ ਸਦਕਾ ਹੀ ਸੀ ਕਿ ਨਕੋਦਰ ਤੇ ਜਲੰਧਰ ਵਿਚ ਫਿਰਕੂ ਤਣਾਅ ਹੋ ਜਾਣ ਤੇ ਵੀ ਕਈ ਵਾਰ ਫਿਰਕੂ ਦੰਗੇ ਹੁੰਦੇ ਰੁਕੇ।

ਜਾਬਰ ਬਰਤਾਨਵੀ ਸਾਮਰਾਜ ਦੇ ਖੂੰਨੀ ਪੰਜੇ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚਲ ਰਹੀਆਂ ਲਹਿਰਾਂ ਤੋਂ ਪ੍ਰਭਾਵਤ ਹੋਏ ਹਜ਼ਾਰਾਂ ਨੌਜਵਾਨਾਂ ਵਾਂਗ ਸਾਥੀ ਸਰੀਂਹ

(ਬਾਕੀ ਸਫ਼ਾ 5 ਤੇ)

ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ
ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ



CANADIAN AIRLINES INTERNATIONAL
AIR CANADA
BRITISH AIRWAYS
CATHAY PACIFIC
THAI AIRWAYS INTERNATIONAL
& OTHER MAJO AIRLINES
AUTHORIZED AGENTS FOR
ਘੱਟ ਤੋਂ ਘੱਟ ਕਿਰਾਏ
ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
BAINS TRAVEL SERVICE
6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 388-6363

ਗਣੇਸ਼ੀ ਨੂੰ ਉਸ ਦਿਨ ਬੜੀ ਤਸੱਲੀ ਹੋਈ। ਜਮਨਾ ਦੇ ਕਿਨਾਰੇ ਐ, ਤਾਂ ਹਵਾ ਵੀ ਆਵੇਗੀ ਹੀ ਕਿਸੇ ਦਿਨ। ਏਨੀ ਹੁੰਮਸ...। ਹਵਾ ਸ਼ਾਇਦ ਦੂਜੇ ਪਾਸੇ ਦੀ ਵਗ ਰਹੀ ਹੋਵੇਗੀ। ਕਲ ਨੂੰ ਏਧਰ ਵਲ ਵੀ ਤਾਂ ਵੱਗ ਸਕਦੀ ਏ। ਫੇਰ ਹੁੰਮਸ ਨਹੀਂ ਰਹੇਗੀ।

............

ਤੇ ਅਜ ਰਾਤੀ ਉਹ ਜਮਨਾ ਨੂੰ ਲਭਦਾ ਲਭਦਾ ਹੀ ਏਨੀ ਦੂਰ ਤੁਰਦਾ ਆਇਆ ਸੀ। ਤੇ ਆ ਕੇ ਫਸ ਗਿਆ। ਜਮਨਾ ਵੀ ਨਹੀਂ ਲੱਭੀ, ਤੇ ਫਸ ਵੀ ਗਿਆ।

ਉਹਨੇ ਡੂੰਘਾ ਹੋਕਾ ਭਰਿਆ।

ਹੋਕਾ ਭਰਿਆ, ਤੇ ਉਹਨੂੰ ਲਗਾ ਉਹਦੇ ਫੇਫੜਿਆਂ ਦੀ ਹਵਾ ਉਹਦੇ ਸੰਘ ਵਿਚੋਂ ਸਿਆੜ ਕੱਢਦੀ ਤੁਰੀ ਗਈ ਸੀ। ਅਚਾਨਕ ਉਹਨੂੰ ਅਹਿਸਾਸ ਹੋਇਆ, ਉਹਨੂੰ ਬੜੀ ਜ਼ੋਰ ਦੀ ਤਰੇਹ ਲਗੀ ਸੀ।

ਹੁੰਮਸ, ਤੇ ਪਿਆਸ !

ਨਾ ਹਵਾ ਸੀ ਕਿਧਰੇ, ਨਾ ਪਾਣੀ।

ਉਹ ਰੋਣ ਲਗਾ। ਹੁਬਕ ਹੁਬਕ ਕੇ ਪਰ ਅੱਥਰੂ ਇਕ ਵੀ ਨਹੀਂ ਨਿਕਲਿਆ। ਏਨੀ ਹੁੰਮਸ ਵਿਚ ਗਿਲੇ ਅੱਥਰੂਆਂ ਦਾ ਕੀ ਕੰਮ ?

ਸੁੱਕੇ ਅੱਥਰੂ ਵੀ ਜਦੋਂ ਮੁਕ ਗਏ, ਤਾਂ ਉਹਨੇ ਹਨੇਰੇ ਵਿਚ ਚਾਰੇ ਪਾਸੇ ਵੇਖਿਆ। ਹਨੇਰੇ ਵਿਚ ਬਹੁਤ ਦੇਰ ਬਹਿਣ ਤੋਂ ਮਗਰੋਂ ਬੰਦਾ ਵੀ ਸ਼ਾਇਦ ਬਿੱਲੀ ਬਣ ਜਾਂਦਾ ਏ। ਹਨੇਰੇ ਵਿਚ ਵੀ ਉਹਨੂੰ ਚੀਜ਼ਾਂ ਨਜ਼ਰ ਆਉਣ ਲਗਦੀਆਂ ਨੇ।

ਉਹਨੂੰ ਸਿਰਫ ਕੰਧਾਂ ਨਜ਼ਰ ਆਈਆਂ, ਤੇ ਉਤੇ ਛੱਤ। ਕੰਧਾਂ ਕਦੇ ਸਰਕਦੀਆਂ ਹੋਈਆਂ ਉਹਦੇ ਨੇੜੇ ਆਉਣ ਲਗਦੀਆਂ, ਛੱਤ ਹੇਠਾਂ ਵਲ ਸਰਕਣ ਲਗਦੀ, ਤੇ ਜਦੋਂ ਉਹਨੂੰ ਲਗਦਾ ਉਹਦਾ ਮਲੀਦਾ ਬਣ ਜਾਵੇਗਾ, ਤਾਂ ਸਭ ਕੁਝ ਪਰ੍ਹਾਂ ਖਿਸਕਣ ਲਗਦਾ।

ਕੰਧਾਂ ਤੇ ਛੱਤ ਜਿਵੇਂ ਕਿਸੇ ਖੂੰਖਾਰ

# ਦੂਜਾ ਡਾਕੂ

ਕਹਾਣੀ

—ਅਜੀਤ ਕੌਰ

ਬਿਲੀ ਦੇ ਜਬਾੜੇ ਸਨ, ਤੇ ਉਹ ਖ਼ੁਦ ਇਕ ਭਿੱਜਾ ਹੋਇਆ ਚੂਹਾ, ਜਿਸਨੂੰ ਚੱਬਣ ਤੋਂ ਪਹਿਲੋਂ ਬਿੱਲੀ ਉਹਦੇ ਨਾਲ ਖੇਡ ਰਹੀ ਸੀ।

ਚੂਹਾ...! ਚੂਹੇ ਦਾ ਖਿਆਲ, ਆਉਂਦਿਆਂ ਹੀ ਉਹਨੂੰ ਲਗਾ ਕਿ ਕਮਰੇ ਵਿਚੋਂ ਬਹੁਤ ਸਾਰੇ ਮੋਏ ਹੋਏ ਚੂਹਿਆਂ ਦੀ ਬੋਅ ਆ ਰਹੀ ਸੀ।

ਉਹ ਕੰਬ ਕੇ ਖੜਾ ਹੋ ਗਿਆ। ਕਿਧਰੇ ਉਹ ਚੂਹਿਆਂ ਦੀਆਂ ਲਾਸ਼ਾਂ ਤੇ ਹੀ ਤਾਂ ਨਹੀਂ ਸੀ ਬੈਠਾ ਹੋਇਆ।

ਬਹੁਤ ਚਿਰ ਖੜਾ ਰਿਹਾ। ਸ਼ਾਇਦ ਜ਼ਿੰਦਗੀ ਭਰ। ਏਸੇ ਤਰਾਂ ਲਗਾ ਉਹਨੂੰ ਕਿ ਉਹ ਜ਼ਿੰਦਗੀ ਭਰ ਖੜਾ ਰਿਹਾ ਸੀ। ਉਹਦੇ ਧੜ ਦੇ ਹੇਠਾਂ ਲਤਾਂ ਨਹੀਂ ਸਨ ਜਿਹਨਾਂ ਵਿਚ ਗਰਮ ਲਹੂ ਦੌੜਿਆ ਕਰਦਾ ਏ, ਤੇ ਜਿਹਨਾਂ ਦੀ ਲਚਕ ਇਕ ਕਦਮ ਤੋਂ ਮਗਰੋਂ ਦੂਜਾ ਕਦਮ ਪੁੱਟਦੀ ਬੰਦੇ ਨੂੰ ਮੀਆਂ ਕੋਹ ਤੋਰ ਲਿਜਾਂਦੀ ਏ। ਉਹਦੇ ਧੜ ਦੇ ਹੇਠਾਂ ਤਾਂ ਦੋ ਸੋਟੇ ਸਨ। ਦੋ ਡਾਂਗਾਂ।

ਫੇਰ ਉਹ ਹਾਰ ਕੇ ਬਹਿ ਗਿਆ।

ਬੋਅ ਤੇ ਹੁੰਮਸ ਨੂੰ ਝੱਲਦਾ ਹੋਇਆ ਕਿਉਂਕਿ ਜੀਊਣ ਦਾ ਇਹੀ ਤਕਾਜ਼ਾ ਏ ਕਿ ਆਸ ਪਾਸ ਫੈਲੀ ਬੋਅ ਨੂੰ ਝੱਲੋ ਤੇ ਹੁੰਮਸ ਵਿਚ ਵੀ ਸਾਹ ਲਈ ਜਾਓ।

ਹੁੰਮਸ !

ਬੋਅ !

ਫੇਰ ਸ਼ਾਇਦ ਉਹਨੂੰ ਊਂਘ ਆ ਗਈ।

............

ਬਾਹਰ ਆਵਾਜ਼ਾਂ ਆਉਣੀਆਂ ਸ਼ੁਰੂ ਹੋਈਆਂ, ਤਾਂ ਉਹ ਜਾਗ ਪਿਆ। ਉਹਨੂੰ ਲਗਾ ਬਸ ਉਹ ਅਜੇ ਸੌਣ ਲੱਗਾ ਹੀ ਸੀ ਕਿ ਜਾਗ ਪਿਆ। ਤੇ ਉਹ ਸੋਚਣ ਲਗਾ, ਭੜੂਆ ਜੇ ਏਸ ਹੁੰਮਸ ਵਿਚ ਵੀ ਨੀਂਦਰ ਆ ਗਈ ਏ ਤੈਨੂੰ, ਤਾਂ ਉਸ ਹੁੰਮਸ ਵਿਚ ਵੀ ਆ ਹੀ ਜਾਣੀ ਸੀ। ਕਿਉਂ ਆਪਣੀ ਮੌਤ ਨੂੰ ਆਵਾਜ਼ਾ ਦੇਣ ਤੂੰ ਬਾਹਰ ਨਿਕਲ ਤੁਰਿਆ ?

ਸਵੇਰ ਹੋ ਹੀ ਗਈ ਹੋਵੇਗੀ, ਇਸ ਕਰਕੇ ਤਾਂ ਬਾਹਰੋਂ ਆਵਾਜ਼ਾ ਆ ਰਹੀਆਂ ਸਨ।

ਹੋਲੀ ਹੋਲੀ ਬੂਹੇ ਦੇ ਹੇਠੋਂ ਰਤਾ ਕੁ ਚਾਨਣ ਆਹਿਸਤਾ ਜਿਹੇ ਰੀਂਗਣ ਲਗਾ।

ਬਹੁਤ ਚਿਰ ਗੁਜ਼ਰ ਗਿਆ।

ਫੇਰ ਦਰਵਾਜ਼ਾ ਖੁਲਿਆ।

ਉਸਨੇ ਹਬਬੜਾ ਕੇ ਤਿਖੇ ਚਾਨਣ ਵਿਚ ਖਲੋਤੇ ਸਿਪਾਹੀ ਵਲ ਵੇਖਿਆ। ਸਿਪਾਹੀ ਦੇ ਪਿਛਲੇ ਪਾਸੇ ਚਾਨਣ ਦੀ ਚਿਲਕੋਰ ਸੀ ਇਸ ਕਰਕੇ ਉਹਦਾ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ। ਚਾਨਣ ਦੇ ਪਿਛੋਕੜ ਵਿਚ ਉਹ ਕਾਲੇ ਦਿਓ ਵਾਂਗੂੰ ਖੜਾ ਸੀ।

ਗਣੇਸ਼ੀ ਵੀ ਉਠ ਖੜੋਤਾ।

ਸਿਪਾਹੀ ਸਰਕਾਰ ਸੀ, ਤੇ ਸਰਕਾਰ ਦੇ ਸਾਹਮਣੇ ਖੜੇ ਹੋ ਜਾਣਾ ਹੀ ਲਾਜ਼ਮੀ ਸੀ, ਉਹਨੇ ਸੋਚਿਆ।

ਚੱਲ ਓਏ, ਸਾਹਬ ਬੁਲਾ ਰਹੇ ਨੇ,' ਸਿਪਾਹੀ ਉਹਨੂੰ ਬਾਹੋਂ ਫੜ ਕੇ ਲੈ ਤੁਰਿਆ।

ਦੂਜੇ ਕਮਰੇ ਵਿਚ ਇਕ ਆਮ ਘਸੇ ਹੋਏ ਮੇਜ਼ ਦੇ ਪਿਛੇ ਕੁੰਢੀਆਂ ਮੁੱਛਾਂ ਵਾਲਾ ਇਕ ਬੰਦਾ ਬੈਠਾ ਸੀ। ਉਹਦੀ ਵਰਦੀ ਤੇ ਬਿੱਲਿਆਂ ਤੋਂ ਗਣੇਸ਼ੀ ਹੋਰ ਸਹਿਮ ਗਿਆ। ਜ਼ਰੂਰ ਵੱਡਾ ਥਾਣੇਦਾਰ ਐ, ਗਣੇਸ਼ੀ ਨੇ ਸੋਚਿਆ। ਤੇ ਉਹਨੂੰ ਲਗਾ, ਉਹਦਾ ਆਪਣਾ ਕਦ ਹੌਲੀ ਹੌਲੀ ਘਸ ਕੇ ਛੋਟਾ ਹੋ ਰਿਹਾ ਸੀ।

'ਕਿਥੋਂ ਫੜਿਆ ਇਹਨੂੰ ?'

'ਆਵਾਰਾਗਰਦੀ ਕਰ ਰਿਹਾ ਸੀ ਜਨਾਬ, ਸੁੰਦਰ ਨਗਰ ਦੇ ਇਲਾਕੇ ਵਿਚ।' ਤਸ਼ਵੀਸ਼ੀ ਹਾਲਤ ਵਿਚ ਘੁੰਮ ਰਿਹਾ ਸੀ।'

■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

6612 MAIN ST., VANCOUVER, B.C. V5X 3H2

**Tel. (604) 324-3336**

KLM



**AUTHORIZED AGENTS FOR AIR INDIA**

**AND NOW WE ARE AUTHORISED**

**K.L.M.** (ROYAL DUTCH AIRLINES)

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

**ਗੁਰੂ ਨਾਨਕ ਟਰੈਵਲ**

ਨਿਊ ਸੋਢੀ ਨਗਰ, ਮੋਗਾ,

ਫੋਨ 2161, 35 32

**SPECIAL FARE TO:** Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

TOLL FREE NO.
B. C. & ALBERTA
1—800 663 6696

**GABA TRAVELS**
(Opposit Friends Theatre)
JALLANDHAR CITY
TEL. 74597

**GABA TRAVELS**
V.P.O. NURMAHAL
JALLANDHAR
TEL. 49

**GABA TRAVELS**
NEW DELHI

ਘੁੰਮ ਰਿਹਾ ਸੀ ਕਿ ਕੋਈ ਘਰ ਭੰਨਣ ਲਈ ਤਾੜ ਰਿਹਾ ਸੀ ?' ਥਾਣੇਦਾਰ ਤਕ ਗਣੇਸ਼ੀ ਵਲ ਹੀ ਰਿਹਾ ਸੀ, ਤੇ ਪੁਛ ਸਿਪਾਹੀ ਕੋਲੋਂ ਰਿਹਾ ਸੀ ।

'ਕੀ ਪਤਾ ਜਨਾਬ ! ਲਗਦਾ ਤਾਂ ਚੋਰ ਡਾਕੂ ਈ ਏ, ਏਸੇ ਕਰਕੇ...'

ਨਹੀਂ ਜਨਾਬ, ਮਾਈ ਬਾਪ, ਮੈਂ ਤਾਂ ਗਣੇਸ਼ੀ ਆਂ । ਮੇਰਾ ਤਾਇਆ ਸ਼ਕਤੀ ਪਰੇਸ ਤੇ ਕੰਮ ਕਰਦਾ ਏ । ਮੈਂ ਵੀ ਓਥੇ ਹੀ ਝਾੜੂ ਬਹੁਕਰ ਲਾਨਾਂ, ਮਾਲਕ ਲਈ ਸਾਰਾ ਦਿਨ ਚਾਹ ਬਣਾਉਨਾਂ, ਪਾਣੀ ਪਿਆਨਾਂ । ਕੰਪਾਜ਼ੀਟਰੀ ਵੀ ਸਿੱਖ ਰਿਹਾਂ ਜਨਾਬ...'

'ਇਹ ਪਰੇਸ ਕਿਥੇ ਐ ?—ਥਾਣੇਦਾਰ ਨੇ ਸਿਪਾਹੀ ਕੋਲੋਂ ਪੁਛਿਆ ।

'ਦਰੀਆ ਗੰਜ ਸਰਕਾਰ', ਗਣੇਸੀ ਬੋਲ ਪਿਆ ।

'ਚੁੱਪ ਕਰ ਕੇ ਖੜਾ ਰੈਹ ਓਏ । ਸਾਹਬ ਜੋ ਪੁੱਛਣ ਸਿਰਫ ਉਹਦਾ ਜੁਆਬ ਦੇਹ । ਐਵੇਂ ਵਿਚ ਆਪਣੀਆਂ ਢੀਮਾਂ ਨਾ ਮਾਰੀ ਜਾਹ ।'—ਸਿਪਾਹੀ ਨੇ ਉਹਨੂੰ ਘੂਰਿਆ । ਥਾਣੇਦਾਰ ਨੂੰ ਕਿਹਾ, 'ਹਜ਼ੂਰ, ਦਰੀਆ ਗੰਜ ਐ ਪਰੇਸ । ਕਹਵੋਂ ਤਾਂ ਪ੍ਰੈਸ ਜਾ ਕੇ ਤਫਤੀਸ਼ ਕਰ ਆਵੀਏ ?'

'ਹੂ...ਹੂੰਮ...' ਥਾਣੇਦਾਰ ਮੁੱਛਾਂ ਨੂੰ ਪਲੋਸਦਾ ਹੋਇਆ ਕੁਝ ਸੋਚ ਰਿਹਾ ਸੀ ।

'ਤੇ ਦਰੀਆ ਗੰਜੋਂ ਤੂੰ ਏਨੀ ਦੂਰ ਸੁੰਦਰ ਨਗਰ ਕੀ ਕਰਨ ਆਇਆ ਸਾਏਂ ਓਏ ਅੱਧੀ ਰਾਤ ਨੂੰ ?—ਥਾਣੇਦਾਰ ਨੇ ਖੜਖੜਾਉਂਦੀ ਆਵਾਜ ਵਿਚ ਗਣੇਸ਼ੀ ਨੂੰ ਪੁਛਿਆ ।

'ਉਹ ਜਨਾਬ ਹੁੰਮਸ ਬਹੁਤ ਸੀ, ਤੇ ਮੈਂ ਜਮਨਾ ਮਾਈ ਨੂੰ ਲੱਭਣ ਤੁਰ ਪਿਆ । ਤਾਏ ਨੇ ਕਿਹਾ ਸੀ ਲਾਗੇ ਈ ਐ ।'

'ਜਮਨਾ ਬਾਈ ? ਜਮਨਾ ਬਾਈ ਤਾਂ ਜੀ. ਬੀ. ਰੋਡ ਤੇ ਹੋਵੇਗੀ, ਏਥੇ ਕਿਥੋਂ ਲਭਣ ਆ ਗਿਆ ਤੂੰ ?'

'ਬੜਾ ਘਾਗ ਏ ਜਵਾਬ ' ਕਿੱਡਾ ਭੋਲਾ ਬਣਦਾ ਸੀ । ਇਹ ਬਾਈਆਂ ਦੇ ਚੱਕਰ ਵਿਚ ਵੀ ਹੈ ਤਾਂ ਤੇ !'

'ਬਾਈ ਨਹੀਂ ਮਾਈ ਬਾਪ, ਜਮਨਾ ਮਾਈ !'

'ਚੁੱਪ ਓਏ ਹਰਾਮ ਦੇ...। ਜਮਨਾ ਤੇਰੀ ਮਾਂ ਲਗਦੀ ਏ ਜਿਨੂੰ ਲੱਭਣ ਤੁਰਿਆ ਸਾਏ ?'—ਥ ਨੇਦਾਰ ਨੇ ਆਪਣਾ ਡੰਡਾ ਮੇਜ਼ ਤੇ ਵਜਾਇਆ । ਤੇ ਸਿਪਾਹੀ ਨੂੰ ਕਿਹਾ, ਲੈ ਜ਼ਾਹ ਇਹਨੂੰ ਜਮਨਾ ਦੇ ਖਸਮ ਨੂੰ । ਤੇ ਸਿਕ ਇਹਦੇ ਮੌਰ ! ਆਪੇ ਬਕੇਗਾ ।'

ਗਣੇਸ਼ੀ ਡਡਿਆ ਕੇ ਰੋਣ ਲਗਾ । ਐਤਕੀ ਸਚਮੁਚ ਉਹਦੇ ਅੱਥਰੂ ਨਿਕਲ ਆਏ ।

ਸਿਪਾਹੀ ਉਹਨੂੰ ਧਰੂੰਹਦਾ ਹੋਇਆ ਲੈ ਤੁਰਿਆ ।

ਕੁਝ ਚਿਰ ਥਾਣੇਦਾਰ ਕੁਝ ਸੋਚਦਾ ਰਿਹਾ । ਨਾਲ ਦੇ ਕਮਰੇ ਵਿਚੋਂ ਗਣੇਸ਼ੀ ਦੀਆਂ ਚਾਂਘਰਾਂ ਦੀ ਅਵਾਜ ਥਾਣੇ ਦੀ ਹਵਾ ਦੇ ਲੰਗਾਰ ਲਾਹੁੰਦੀ ਰਹੀ । ਫੇਰ ਉਹਨੇ ਥਾਣੇ ਦੇ ਦੋ ਭਰੋਸੇ-ਮੰਦ ਸਿਪਾਹੀਆਂ ਨੂੰ ਬੁਲਾਇਆ ।

'ਇਹਦਾ ਪਤਾ ਕਰੋ ਕਿ ਏਥੇ ਕੋਈ ਸਕਾ ਰਿਸਤੇਦਾਰ ਹੈ ? ਯਾਨੀ ਜੇ ਇਹਨੂੰ ਡੱਕ ਦੇਈਏ ਤਾਂ ਕੋਈ ਰੋਣ ਪਿਟਣ ਤਾਂ ਨਹੀਂ ਪਹੁੰਚ ਜਾਵੇਗਾ ਏਥੇ ?

ਉਹ ਪਤਾ ਕਰ ਆਏ । ਨਹੀਂ, ਇਹੋ ਜਿਹਾ ਕੋਈ ਖਤਰਾ 'ਨਹੀਂ ਸੀ ।

ਸੋ ਬੇਫਿਕਰ ਹੋ ਕੇ ਬਾਕਾਇਦਾ ਫਾਈਲ ਤਿਆਰ ਕੀਤੀ ਥਾਣੇਦਾਰ ਨੇ । ਉਂਜ ਇਹਦੇ ਲਈ ਵੀ ਉਹਨੂੰ ਬੜੀ ਮਿਹਨਤ ਕਰਨੀ ਪਈ । ਨੌਕਰੀ ਜੁ ਹੋਈ । ਮਿਹਨਤ ਤਾਂ ਕਰਨੀ ਹੀ ਪੈਂਦੀ ਏ ।

ਅਸਲ ਵਿਚ ਕੁਝ ਦਿਨ ਪਹਿਲੋਂ ਸੁੰਦਰ ਨਗਰ ਵਿਚ ਦਿਨ ਦੀਵੀਂ ਇਕ ਡਾਕਾ ਪੈ ਗਿਆ ਸੀ । ਘਰ ਦਿਆਂ ਨੇ ਖੁਦ ਦੋ ਬੰਦਿਆਂ ਨੂੰ ਵੇਖਿਆ ਸੀ । ਜਿਨ੍ਹਾਂ ਦੇ ਘਰ ਡਾਕਾ ਪਿਆ ਸੀ, ਉਹ ਕਿਸੇ ਮਨਿਸਟਰ ਸਾਹਿਬ ਦੇ ਸਹੁਰੇ ਸਨ । ਤੇ ਮਨਿਸਟਰ ਸਾਹਿਬ ਪਰਾਈਮ ਮਨਿਸਟਰ ਦੇ ਬਹੁਤ ਕਰੀਬ ਸਨ—ਯਾਨੀ ਹਰ ਵੱਡੇ ਮਸਲੇ ਤੇ ਉਹਨਾਂ ਦੀ ਸਲਾਹ ਲਈ ਜਾਂਦੀ ਸੀ, ਹਰ ਵਿਦੇਸ਼ੀ ਦੌਰੇ ਵੇਲੇ ਪਰਾਈਮ ਮਨਿਸਟਰ ਉਹਨਾਂ ਨੂੰ ਨਾਲ ਲੈ ਜਾਂਦੇ ਸਨ ਤੇ ਜਦੋਂ ਆਪਣੇ ਟੱਬਰ ਨਾਲ ਛੁਟੀਆਂ ਮਨਾਉਣ ਜਾਂਦੇ ਸਨ ਤਾਂ ਇਸ ਮਨਿਸਟਰ ਸਾਹਿਬ ਦਾ ਟੱਬਰ ਹੀ ਨਾਲ ਜਾਂਦਾ ਸੀ । ਹੁਣ ਏਨੇ ਪੁਖਤਾ ਪੈਮਾਨੇ ਨੂੰ ਵੀ ਜੇ ਕੋਈ ਨਾ ਵੇਖ-ਸਮਝ ਸਕੇ, ਤਾਂ ਉਹਨੂੰ ਸਰਕਾਰੀ ਨੌਕਰੀ ਵਿਚ ਰਹਿਣ ਦਾ ਹੱਕ ਹੀ ਕੋਈ ਨਹੀਂ । ਹੈ ਕਿ ਨਹੀਂ ? ਤੇ ਫੇਰ ਪੁਲਸ ਦੀ ਨੌਕਰੀ...! ਤੋਬਾ...!

ਇਕ ਬੰਦਾ ਤਾਂ ਉਹਨਾਂ ਨੇ ਅਗਲੇ ਦਿਨ ਹੀ ਫੜ ਲਿਆ ਸੀ । ਥਾਣੇਦਾਰ ਖੁਦ ਗਿਆ ਸੀ ਨੱਥੇ ਬਦਮਾਸ਼ ਦੇ ਅੱਡੇ 'ਤੇ । ਕੀ ਕਿਹਾ, ਥਾਣੇਦਾਰ ਨੂੰ ਪਤਾ ਸੀ ਅੱਡੇ ਦਾ ? ਭੋਲੇ ਓ ਤੁਸੀਂ ਵੀ । ਸਾਰੇ ਅੱਡੇ ਥਾਣੇਦਾਰਾਂ ਨੇ ਆਪਣੇ ਬੂਟ ਦੀਆਂ ਅੱਡੀਆਂ ਹੇਠਾਂ ਲਿਖ ਕੇ ਰੱਖੇ ਹੋਏ ਹੁੰਦੇ ਨੇ । ਕਿਸੇ ਵੇਲੇ ਵੀ ਕਿਸੇ ਦੀ ਲੋੜ ਪੈ ਸਕਦੀ ਏ । ਦੂਜੇ ਬਦਮਾਸ਼ਾਂ ਦਾ ਪਤਾ ਦਰਿਆਫਤ ਕਰਨ ਲਈ, ਦੰਗੇ ਕਰਵਾਉਣ ਲਈ, ਵੋਟਾਂ ਬਟੋਰਨ ਲਈ, ਤੇ ਕਦੇ ਕਦੇ ਮੁਜਰਮ ਪੈਦਾ ਕਰਨ ਲਈ ਵੀ ।

ਤੁਸੀਂ ਤਾਂ ਫੇਰ ਚੌਂਕ ਗਏ । ਮੁਜਰਮ 'ਪੈਦਾ' ?

ਖੈਰ, ਤੁਹਾਡੀ ਕਮ-ਅਕਲੀ 'ਤੇ ਸਿਰਫ ਤਰਸ ਹੀ ਖਾਧਾ ਜਾ ਸਕਦਾ ਏ । ਤੇ ਤਰਸ ਖਾਣ ਦੀ ਫੁਰਸਤ ਐਸ ਵੇਲੇ ਮੈਨੂੰ ਹੈ ਨਹੀਂ । ਮੈਂ ਇਹ ਕਹਾਣੀ ਵੀ ਤੇ ਮੁਕਾਉਣੀ ਏ ਨਾ । ਨਹੀਂ ਤੇ ਤੁਸੀਂ ਹੀ ਹੋਰ ਪਲ ਕੁ ਨੂੰ ਉਬਾਸੀਆ ਲੈਣ ਲੱਗੋਗੇ ।

ਹਾਂ, ਤੇ ਨੱਥੇ ਨੂੰ ਥਾਣੇਦਾਰ ਨੇ ਆਪਣੀ ਮੁਸ਼ਕਲ ਦੱਸੀ । ਨੱਥੇ ਨੇ ਫੌਰਨ ਇਕ ਚੇਲਾ ਨਾਲ ਤੋਰ ਦਿਤਾ, 'ਕੋਈ ਗੱਲ ਨਹੀਂ ਸਰਕਾਰ ! ਸ ਲ ਜਿਹਲ ਦੀ ਚੱਕੀ ਪੀਹ ਆਂਵੇਗਾ ਤਾ ਹੋਰ ਪੁਖਤਾ ਹੋ ਜਾਵੇਗਾ ਤੁਹਾਡੀ ਸੇਵਾ ਕਰਨ ਲਈ । ਅਸੀਂ ਤਾਂ ਗੁਲਾਮ ਹਾਂ ਤੁਹਾਡੇ ।'

ਨੱਥੇ ਦੇ ਇਸ ਚੇਲੇ ਦਾ ਨਾਂ ਸੀ ਸ਼ਿਵ ਰਾਮ ।

ਸੋ ਸ਼ਿਵ ਰਾਮ ਕੋਲੋਂ ਬਾਕਾਇਦਾ ਕਨਫੈਸ਼ਨਲ ਸਟੇਟਮੈਂਟ ਯਾਨੀ ਇਕਬਾਲੀਆਂ ਬਿਆਨ ਲਿਆ ਗਿਆ, ਉਹਦੇ ਖਿਲਾਫ ਚਾਲਾਨ ਤਿਆਰ ਹੋਇਆ, ਤੇ ਮੈਜਿਸਟਰੇਟ ਦੀ ਪੇਸ਼ੀ ਮਗਰੋਂ ਦਸ ਦਿਨ ਲਈ ਪੁਲਿਸ ਹਿਰਾਸਤ ਮੰਗ ਲਈ ਗਈ ਤਾਂ ਕਿ ਉਹਦੇ ਕੋਲੋਂ 'ਤਫਤੀਸ਼' ਕਰ ਕੇ ਦੂਜੇ ਸਾਥੀ ਦਾ ਨਾ 'ਉਗਲਵਾਇਆ' ਜਾ ਸਕੇ ।

ਚਲੋ, ਦਸ ਦਿਨ ਲਈ ਤਾਂ ਸਾਹ ਆਇਆਂ । ਪਰ ਇਹਨਾਂ ਦਸਾਂ ਦਿਨਾਂ ਵਿਚ ਹੀ ਦੂਜੇ ਮੁਰਗੇ ਦਾ ਇੰਤਜ਼ਾਮ ਵੀ ਜ਼ਰੂਰੀ ਸੀ । ਸੋ ਕਲ ਰਾਤ ਦੋਹਾਂ ਸਿਪਾਹੀਆਂ ਦੀ ਇਹੀ ਡਿਊਟੀ ਲਗੀ ਸੀ ਕਿ ਲੱਭ ਕੇ ਲਿਆਓ ਕਿਸੇ ਨੂੰ, ਨਹੀਂ ਤੇ ਤੁਹਾਡੀ ਖੈਲ ਨਹੀਂ । ਮਨਿਸਟਰ ਸਾਹਿਬ ਦੇ ਸਹੁਰਿਆਂ ਨੇ ਦੋ ਡਾਕੂ ਤੱਕੇ ਨੇ, ਤਾਂ ਦੋ ਦੇ ਦੋ ਬਰਾਮਦ ਹੋਣੇ ਜ਼ਰੂਰੀ ਨੇ । ਸੋ 'ਪੈਦਾ ਕਰੋ ਦੂਜਾ ਹਰਾਮਜ਼ਾਦਿਓ' ਥਾਣੇਦਾਰ ਗਰਜਿਆ ਸੀ ।

ਜਦੋਂ ਮਨਿਸਟਰ ਸਾਹਿਬ ਹੋਮ ਸੇਕਟਰੀ 'ਤੇ ਗਰਜਣਗੇ, ਹੋਮ ਸੈਕਰੇਟਰੀ ਆਈ.ਜੀ. ਪੁਲੀਸ 'ਤੇ ਗਰਜੇਗਾ, ਆਈ. ਜੀ. ਪੁਲੀਸ ਇਲਾਕੇ ਦੇ ਡਿਪਟੀ 'ਤੇ ਅਸਿਸਟੈਂਟ ਕਮਿਸ਼ਨਰ 'ਤੇ ਗਰਜੇਗਾ, ਤੇ ਅਸਿਸਟੈਂਟ ਕਮਿਸ਼ਨਰ ਥਾਣੇਦਾਰ 'ਤੇ ਗਰਜੇਗਾ, ਤਾਂ ਥਾਣੇਦਾਰ ਹੱਕ ਬਜਾਨਬ ਏ ਜੇ ਉਹ ਸਿਪਾਹੀਆਂ 'ਤੇ ਗਰਜੇ ।

ਸੋ ਦੂਜਾ ਡਾਕੂ ਪੈਦਾ ਹੋ ਗਿਆ । ਪਰਮਾਤਮਾ ਬੜਾ ਬੇਅੰਤ ਏ । 'ਐਵੇਂ ਤੇ ਨਹੀਂ ਮੇਰੀ ਬੀਵੀ ਸੰਤੋਸ਼ੀ ਮਾਂ ਦਾ ਵਰਤ ਰੱਖਦੀ', ਉਂਜ ਉਹ ਪਿਛਲੇ ਦਿਨੀਂ ਆਪਣੀ ਬੀਵੀ 'ਤੇ ਵੀ ਅਕਾਰਣ ਹੀ ਗੁਰਗਦਾ ਰਿਹਾ ਸੀ । ਹੋਰ ਕੀ ਕਰਦਾ ? ਉਤੋਂ ਗਾਹਲਾਂ ਖਾ ਕੇ ਸਿਰਫ ਆਪਣੇ ਮਾਤਹਿਤਾਂ 'ਤੇ ਗੁੱਸਾ ਕੱਢ ਸਕਦਾ ਸੀ ਜਾਂ ਬੀਵੀ 'ਤੇ । 'ਵਿਚਾਰੀ ! ਅੱਜ ਘਰ ਜਾਂਦੀ ਵਾਰੀ ਗਰਮ ਜਲੇਬੀਆਂ ਲੈ ਜਾਵਾਂਗਾ ਓਹਦੇ ਲਈ । ਬੱਚੇ ਵੀ ਖੁਸ਼ ਹੋ ਜਾਣਗੇ, ਉਹਨੇ ਸੋਚਿਆ, ਤੇ ਉਹਨੂੰ ਲੱਗਾ ਆਸ ਪਾਸ ਦੀ ਹਵਾ ਕੂਲੀ ਹੋ ਗਈ ਸੀ ।

ਹਵਾ ਦਾ ਕੂਲਾਪਣ ਤਾਂ ਖੈਰ ਕੀ ਪਤਾ ਲਗਦਾ ਉਹਨੂੰ ਬੱਸ ਕੁਝ ਕੂਲ, ਕੂਲਾ ਲੱਗ ਰਿਹਾ ਸੀ ।

ਲੌਢੇ ਵੇਲੇ ਤਕ ਗਣੇਸ਼ੀ ਦੀ ਫਾਈਲ ਤਿਆਰ ਹੋ ਚੁਕੀ ਸੀ । ਸਾਰੀ ਕਾਰਵਾਈ ਮੁਕੰਮਲ ਸੀ । ਥਾਣੇਦਾਰ ਨੇ ਅਸਿਸਟੈਂਟ

(ਬਾਕੀ ਸਫ਼ਾ 5 ਤੇ)

# ਖੱਤ ਪ੍ਰਧਾਨ ਮੰਤਰੀ ਦੇ ਨਾਂ

ਸਤਿਆਰ ਨਾਲ ਖਤ ਲਿਖਿਆ ਪ੍ਰਧਾਨ ਮੰਤਰੀ ਰਾਜੀਵ ਬਾਈ ਦੇ ਨਾਂ। ਮੁਹੱਲਾ ਕਮੇਟੀ ਵਲੋਂ ਜੈ ਹਿੰਦ ਜੀ। ਅਗੇ ਸਮਾਚਾਰ ਇਹ ਹੈ ਜੀ ਕਿ ਇਥੇ ਮੁਹੱਲਾ ਕਮੇਟੀ ਦੀ ਹਾਲਤ ਪੱਤਲੀ ਹੁੰਦੀ ਜਾ ਰਹੀ ਹੈ। ਆਏ ਦਿਨ ਕੋਈ ਨਾ ਕੋਈ ਨਰਾਜ਼ ਖੁੱਡ ਵਿਚੋਂ ਨਿਕਲ ਆਉਂਦਾ ਹੈ। ਸਮਝ ਨਹੀਂ ਆ ਰਿਹਾ ਕਿ ਕਿੰਨੇ ਲੋਕ ਪ੍ਰਧਾਨ ਤੁਫੈਲ ਸਿੰਘ ਦੇ ਨਾਲ ਹਨ ਤੇ ਕਿੰਨੇ ਕੱਲੂ ਉਸਤਾਦ ਦੇ ਨਾਲ! ਦੋਹਾਂ ਦੇ ਸਮਰਥਕਾਂ ਦੀ ਗਿਣਤੀ ਜੋੜੀਏ ਤਾਂ ਇਹ ਗਿਣਤੀ ਮੁਹੱਲਾ ਕਮੇਟੀ ਦੇ ਸਾਰੇ ਮੈਂਬਰਾਂ ਦੀ ਗਿਣਤੀ ਤੋਂ ਉਪਰ ਹੋ ਜਾਂਦੀ ਹੈ। ਬਿਲਕੁਲ ਰਾਜ-ਸਥਾਨ ਵਰਗਾ ਮਾਮਲਾ ਹੋ ਗਿਆ ਹੈ ਜੀ ਇਥੇ ਵੀ।

ਸੁਣਿਆ ਹੈ ਉਥੇ ਵੀ ਮਾਥੁਰ-ਸਮਰਥਕ ਅਤੇ ਮਾਥੁਰ ਵਿਰੋਧੀ ਵਿਧਾਇਕਾਂ ਦੀ ਕੁਲ ਗਿਣਤੀ 124 ਜਾਂ 125 ਹੋ ਗਈ ਹੈ, ਜਦੋਂ ਕਿ ਵਿਧਾਨ ਸਭਾ ਵਿਚ ਪਾਲਟੀ ਦੇ ਕੁਲ 112 ਵਿਧਾਇਕ ਹੀ ਹਨ। ਖੈਰ, ਇਹ ਸੁਣ ਕੇ ਤਸੱਲੀ ਹੋਈ ਕਿ ਮਾਥੁਰ-ਮਹਲੋਤ ਖੇਮਾ ਵਿਧਾਇਕਾਂ ਨੂੰ ਤੋੜਨ ਦੇ ਮਾਮਲੇ ਵਿਚ ਅੱਗੇ ਨਿਕਲ ਗਿਆ ਹੈ।

ਸਾਡੇ ਇਥੇ ਵੀ ਮੁਹੱਲਾ ਕਮੇਟੀ ਦੇ ਕਈ ਮੈਂਬਰ ਇਸ ਉਡੀਕ ਵਿਚ ਹਨ ਕਿ ਕੋਈ ਆਵੇ ਅਤੇ ਉਹਨਾਂ ਨੂੰ ਤੋੜ ਲਵੇ। ਪਰ, ਸਮਝ ਨਹੀਂ ਆ ਰਿਹਾ ਕਿ ਇਹਨਾਂ ਨੂੰ ਤੋੜਿਆ ਕਿਸ ਲਈ ਜਾਵੇ। ਲੇਕਿਨ ਪੋਲਟਿਕਸ, ਇਸਟੇਟ ਪੋਲਟਿਕਸ ਨਾਲੋਂ ਵਧ ਖਤਰਨਾਕ ਹੁੰਦੀ ਹੈ ਜੀ। ਮੰਨ ਲਓ, ਅਸੀਂ ਇਹਨਾਂ ਲੋਕਾਂ ਨੂੰ ਤੂਫੈਲ ਸਿੰਘ ਲਈ ਤੋੜਦੇ ਹੋ,! ਤਾਂ ਕੱਲੂ ਉਸਤਾਦ ਦੇ ਪੱਠੇ ਤਾਂ ਉਹਨਾਂ ਨੂੰ ਉਸ ਤਰਾਂ ਹੀ ਤੋੜ-ਤਾੜ ਕੇ ਰੱਖ ਦੇਣਗੇ। ਅਤੇ ਜੇ ਉਹਨਾਂ ਨੂੰ ਕੱਲੂ ਉਸਤਾਦ ਲਈ ਤੋੜਦੇ ਹਾਂ, ਤਾਂ ਤੂਫੈਲ ਸਿੰਘ ਦੀ ਟਰਾਂਸਪੋਰਟ ਕੰਪਨੀ ਦੇ ਡਰਾਈਵਰ ਕਲੀਨਰ ਇਹਨਾਂ ਦੀ ਬਾਡੀ ਦਾ ਡੀਜ਼ਾਇਨ ਬਦਲ ਕੇ ਰੱਖ ਦੇਣਗੇ।

ਵੈਸੇ ਟੁਟਣ ਲਈ ਤਿਆਰ ਬੈਠੇ ਲੋਕ ਵੀ ਹਨ ਬੜੇ ਕਮੀਨੇ। ਟੁਟਣ ਦਾ ਰੇਟ ਇਹਨਾਂ ਉਚਾ ਚੁੱਕ ਰਖਿਆ ਹੈ, ਜਿਵੇਂ ਮੁਹੱਲਾ ਕਮੇਟੀ ਦੇ ਮੈਂਬਰ ਨਾ ਹੋਕੇ ਵਿਧਾਇਕ ਜਾਂ ਐਮ. ਪੀ. ਹੋਣ। ਉਹਨਾਂ ਨੂੰ ਪੁਛੀਏ ਕਿ ਟੁੱਟਣ ਲਈ ਇੰਨੇ ਦਾਮ ਕਿਉਂ ਮੰਗ ਰਹੇ ਹੋ, ਤਾਂ ਬੇਸ਼ਰਮੀ ਨਾਲ ਹਸਦੇ ਹੋਏ ਕਹਿੰਦੇ ਹਨ ਕਿ ਸਾਨੂੰ ਕਿਹੜੀ ਬੋਫਰਜ਼ ਤੋਂ ਦਲਾਲੀ ਮਿਲਦੀ ਹੈ, ਫਿਰ ਵੀ ਤੁਹਾਡੇ ਨਾਲ ਇਨਿਆਂ ਸਾਲਾਂ ਦਾ ਸਬੰਧ ਹੈ, ਸੋ ਮਹਿੰਗਾਈ ਨੂੰ ਦੇਖਦੇ ਹੋਏ ਜੋ ਵਾਜਿਬ ਸਮਝੋ, ਦੁਆ ਦਿਉ। ਆਪਣਾ ਕੀ ਹੈ ਹੁਣੇ ਹੀ ਟੁੱਟ ਜਾਂਦੇ ਹਾਂ।

ਹੁਣ ਕੀ ਕਹੀਏ ਜੀ ਗਲਤੀ ਤਾਂ ਤੁਹਾਡੀ ਹੀ ਹੈ। ਆਏ ਦਿਨ ਤਾਂ ਮੁੱਖ ਮੰਤਰੀ ਬਦਲ ਦਿੰਦੇ ਹੋ, ਤੁਸੀ। ਇਸ ਤਰਾਂ ਦੇ ਹਾਲਾਤ ਵਿਚ ਨਰਾਜਾਂ ਦੇ ਨਖਰੇ ਤਾਂ ਵਧਣਗੇ ਹੀ। ਜਿਸ ਨੂੰ ਉਸ ਤਰਾਂ ਕੁਝ ਨਹੀਂ ਮਿਲਦਾ ਉਹ ਨਰਾਜ਼ ਬਣਕੇ ਬਟੋਰ ਲੈਂਦਾ ਹੈ। ਇਹ ਨਰਾਜ਼ ਤਾਂ ਵਿਰੋਧੀ ਧਿਰ ਵਾਲਿਆਂ ਤੋਂ ਵੀ ਵੱਧ ਖਤਰਨਾਕ ਹਨ ਜੀ। ਤੁਹਾਡੇ ਪ੍ਰਤੀ ਵਫਾਦਾਰੀ ਦੇ ਗੀਤ ਵੀ ਗਾਉਂਦੇ ਰਹਿੰਦੇ ਹਨ ਤੇ ਤੁਸੀਂ ਜਿਸ ਨੂੰ ਵੀ ਛਾਂਟ-ਛੂਟ ਕੇ ਮੁੱਖ ਮੰਤਰੀ ਬਨਾਉਂਦੇ ਹੋ, ਉਸ ਨੂੰ ਚਾਰ ਹੀ ਦਿਨਾਂ ਵਿਚ ਨਾਲਾਇਕ ਵੀ ਸਿੱਧ ਕਰ ਦਿੰਦੇ ਹੋ। ਸ਼ਰੇਆਮ ਐਲਾਨ ਕਰ ਦਿੰਦੇ ਹੋ ਕਿ ਮਾਥੁਰ ਤਾਂ ਕਾਂਗਰਸ ਦੀ ਬੇੜੀ ਡੁਬੋਕੇ ਰੱਖ ਦੇਵੇਗਾ, ਕਿ ਅਜ਼ਾਦ ਤਾਂ ਕਾਂਗਰਸ ਨੂੰ ਪਾਣੀ ਮੰਗਣ ਜੋਗੀ ਵੀ ਨਹੀਂ ਛਡੇਗਾ, ਕਿ ਵੀਰ ਬਹਾਦਰ ਤਾਂ ਆਪਣੇ ਨਾਲ ਰਾਜੀਵ ਜੀ ਨੂੰ ਵੀ ਲੈ ਡੁੱਬੇਗਾ। ਇਹਨਾਂ ਗੱਲਾਂ ਦਾ ਮਤਲਵ ਤਾਂ ਇਹ ਹੀ ਹੈ ਜੀ ਕਿ ਜਾਂ ਤਾਂ ਪਾਲਟੀ ਵਿਚ ਲਾਇਕ ਲੋਕ ਬਚੇ ਹੀ ਨਹੀਂ ਜਾਂ ਫਿਰ ਤੁਹਾਡੇ ਵਿਚ ਇੰਨੀ ਬੁੱਧੀ ਨਹੀਂ ਕਿ ਤੁਸੀਂ ਲਾਇਕ ਆਦਮੀ ਨੂੰ ਮੁੱਖ ਮੰਤਰੀ ਬਣਾ ਸਕੋ। ਉਸ ਤਰਾਂ ਜਦੋਂ ਮੁੱਖ ਮੰਤਰੀ ਦਿੱਲੀ ਤੋਂ ਹੀ ਭੇਜਿਆ ਜਾਣਾ ਹੈ, ਤਾਂ ਇਹਨਾਂ ਕਾਗਜ਼ੀ ਅਾਗੂਆਂ ਦੀ ਥਾਂ ਕਿਸੇ ਰਿਟਾਇਰਡ ਖੁਫੀਆਂ ਅਫਸਰ ਜਾਂ ਪੁਲਸ ਜਾਂ ਫੌਜ ਦੇ ਅਫਸਰ ਨੂੰ ਕਿਉਂ ਨਹੀਂ ਭੇਜਿਆ ਜਾਂਦਾ? ਜੇ ਇਹਨਾਂ ਲੋਕਾਂ ਨੂੰ ਵਾਈਸ ਚਾਂਸਲਰ ਅਤੇ ਰਾਜਪਾਲ ਬਣਾਇਆ ਜਾ ਸਕਦਾ ਹੈ ਤਾਂ ਮੁੱਖ ਮੰਤਰੀ ਕਿਉਂ ਨਹੀਂ ਬਣਾਇਆ ਜਾ ਸਕਦਾ?

ਠੱਕਰ ਕਮਿਸ਼ਨ ਦੀ ਰਿਪੋਰਟ ਕਿਸ ਤਰਾਂ ਲੀਕ ਹੋ ਗਈ ਜੀ? ਅਤੇ ਤਸੀਂ ਵੀ ਕਮਾਲ ਕਰ ਦਿਤੀ। ਪਹਿਲਾਂ ਤਾਂ ਆਪਣੇ ਸਾਰੇ ਮੰਤਰੀਆਂ ਨੂੰ ਵਿਰੋਧੀ ਧਿਰ ਨਾਲ ਭਿੜਵਾ ਦਿਤਾ। ਇਥੋਂ ਤਕ ਅਖਵਾ ਦਿਤਾ ਕਿ ਰਿਪੋਰਟ ਖੁਲਣ ਨਾਲ ਦੇਸ਼ ਦੀ ਸੁਰਖਿਆ ਖਤਰੇ ਵਿਚ ਪੈ ਜਾਵੇਗੀ ਅਤੇ ਅਖੀਰ ਵਿਚ ਖੁਦ ਹੀ ਵਿਰੋਧੀ ਧਿਰ ਅਗੇ ਗੋਡੇ ਟੇਕ ਦਿਤੇ। ਕੀ ਰਹਿ ਗਈ ਉਹਨਾਂ ਵਿਚਾਰੇ ਮੰਤਰੀਆਂ ਦੀ ਇਜਤ, ਜੋ ਤੁਹਾਡੇ ਇਸ਼ਾਰਿਆਂ ਤੇ ਵਿਰੋਧੀ ਧਿਰ ਨਾਲ ਲਗਾਤਾਰ ਕੁਸ਼ਤੀ ਕਰ ਰਹੇ ਸਨ। ਉਤਰੀ ਗਈ ਨਾ ਉਹਨਾਂ ਵਿਚਾਰਿਆਂ ਦੀ ਲੰਗੋਟ ਤੇ ਉਹ ਵੀ ਤੁਹਾਡੇ ਹਥੋਂ! ਹੁਣ ਦੇਸ਼ ਦੀ ਸੁਰਖਿਆ ਖਤਰੇ ਵਿਚ ਨਾ ਪਵੇ ਪਰ ਪਾਲਟੀ ਦੀ ਅਤੇ ਸਰਕਾਰ ਦੀ ਇੱਜ਼ਤ ਦਾ ਤਾਂ ਨਾਸ਼ ਹੋ ਹੀ ਗਿਆ ਨਾ। ਤੁਹਾਡੀ ਨਾਦਾਨੀ ਕਾਰਨ ਹੋਰਨਾਂ ਨੂੰ ਤਾਂ ਛੱਡੋ ਬੇਚਾਰੇ ਸ਼ੰਕਰ ਦਿਆਲ ਸ਼ਰਮਾ ਜੀ ਦੀ ਇਜ਼ਤ ਤਕ ਦਾ ਤਾਂ ਕੱਚਰਾ ਹੋ ਗਿਆ। ਹੁਣ ਤਾਂ ਇਕ ਹੀ ਬੇਨਤੀ ਹੈ ਜੀ ਕਿ ਜੇ ਪਾਰਲੀਮੈਂਟ ਵਿਚ ਪੇਸ਼ ਕਰਨ ਤੋਂ ਪਹਿਲਾਂ ਰਿਪੋਰਟ ਵਿਚ ਹੇਰਾਫੇਰੀ ਕਰਨੀ ਹੋਈ ਤਾਂ ਕਾਇਦੇ ਨਾਲ ਕਰਨਾ। ਕਿਤੇ ਹੇਰਾਫੇਰੀ ਵੀ ਲੀਕ ਨਾ ਹੋ ਜਾਵੇ।

ਅਤੇ ਇਸ ਬੁੱਢੇ ਕਮਲਾਪੱਤੀ ਨੂੰ ਕੀ ਹੋ ਗਿਆ ਹੈ ਜੀ? ਇਕ ਤਾਂ ਸਾਡਾ ਦਿਲ ਉਸ ਤਰਾਂ ਹੀ ਸੜਿਆ ਭੁਜਿਆ ਪਿਆ ਹੈ, ਉਪਰੋਂ ਇਹ ਬਜ਼ੁਰਗ ਹੈ ਕਿ ਮੌਕਾ ਮਿਲਦੇ ਹੀ ਜ਼ਖਮਾਂ ਉਪਰ ਲੂਣ ਛਿੜਕ ਦਿੰਦਾ ਹੈ। ਠੱਕਰ ਕਮਿਸ਼ਨ ਦੀ ਰਿਪੋਰਟ ਲੀਕ ਕੀ ਹੋਈ ਕਿ ਇਹਨਾਂ ਨੇ ਫੌਰਨ ਬਿਆਨ ਦਾਗ ਦਿਤਾ ਕਿ ਜਿਸ ਨੇ ਵੀ ਰਿਪੋਰਟ ਲੀਕ ਕੀਤੀ ਹੈ, ਉਸ ਨੂੰ ਪਾਲਟੀ ਵਿਚੋਂ ਕੱਢ ਦਿਤਾ ਜਾਵੇ। ਸਰਕਾਰ ਵਿਚਾਰੀ ਤਾਂ ਅਜੇ ਤਕ ਇਹ ਪਤਾ ਨਹੀਂ ਕਰ ਸਕੀ ਕਿ ਰਿਪੋਰਟ ਕਿਸ ਨੇ ਲੀਕ ਕੀਤੀ ਪਰ ਪੰਡਤ ਜੀ ਘਰ ਵਿਚ ਹੀ ਬੈਠੇ-ਬਠਾਏ ਸਮਝ ਗਏ ਕਿ ਰਿਪੋਰਟ ਲੀਕ ਕਰਨ ਦਾ ਕੰਮ ਕਾਂਗਰਸੀਆਂ ਤੋਂ ਬਿਨਾਂ ਹੋਰ ਕਿਸੇ ਦਾ ਨਹੀਂ ਹੋ ਸਕਦਾ।

ਸਮਝ ਤਾਂ ਅਸੀਂ ਵੀ ਰਹੇ ਹਾਂ ਜੀ ਪਰ ਚੁੱਪ ਹਾਂ। ਪਰ ਪੰਡਿਤ ਜੀ ਨੇ ਤਾਂ ਸਿਫਾਰਸ਼ ਤਕ ਕਰ ਦਿਤੀ ਹੈ ਕਿ ਰਿਪੋਰਟ ਲੀਕ ਕਰਨ ਵਾਲੇ ਨੂੰ ਪਾਲਟੀ ਵਿਚੋਂ ਕੱਢ ਦਿਓ। ਜਦੋਂ ਪੰਡਿਤ ਜੀ ਹੀ ਇਸ ਤਰਾਂ ਦੀਆਂ ਗਲਾਂ ਕਰਨਗੇ ਤਾਂ ਵਿਰੋਧੀ ਧਿਰ ਵਾਲੇ ਤਾਂ ਕਹਿਣਗੇ ਹੀ ਕਿ ਕਾਂਗਰਸੀਆਂ ਦਾ ਕੀ ਹੈ, ਉਹ ਤਾਂ ਆਪਣੇ ਸੁਆਰਥਾਂ ਲਈ ਦੇਸ਼ ਤਕ ਨੂੰ ਵੇਚ ਸਕਦੇ ਹਨ।

ਬਾਕੀ ਸਫਾ ੨੭—

CALL US FIRST
IATA
**Express Internationl Travel (1986) Ltd.**
Authorised Agents for All Majo
Airlines of the World.
ਧਮਾਕੇਦਾਰ ਸੇਲ ਲੱਗ ਗਈ ਹੈ।
ਸਿੰਘਾਪੁਰ $1050.00 ਟਰੌਂਟੋ $299 Return ਕੈਲਗਰੀ $148
ਹਾਂਗਕਾਂਗ $870 RT ਇੰਗਲੈਂਡ $648 Return ਐਡਮੰਟਨ $164
• ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।
• ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।
• ਇੱਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇੰਸ਼ੋਰੈਂਸ Free ਦਿੱਤੀ ਜਾਵੇਗੀ
• ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਤੇ ਹਰ ਕੋਨੇ ਵਿਚ ਸਪੈਸ਼ਲ ਸਰਵਿਸ
• ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ
5787 Victoria Drive, Vancouver, B.C. V5P 3W5 **Ph. 321-8777**

AJIT KANG

2nd class Mail Reg. No. 6794
Monthly Magazine

The
lokta
P.O.Box 67534 STN.'O'
VANCOUVER, B.C. V5W 3T9

To




SHAN
SAREES &
DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਉਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847